1920 ਤੋਂ

ਜਿਲਦ 101
ਨੰਬਰ 22

੧ਓ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

੧੯ ਪੋਹ ਤੋਂ ੨ ਮਾਘ ੨੦੭੮ ਬਿ.
01 to 15 Jan 2022

# ਸਤਿਜੁਗ

10/-



ਸੰਤ ਨਿਰਪਾਲ ਸਿੰਘ ਰੰਧਾਵਾ ਜੀ ਦੇ ਗ੍ਰਿਹਿ ਵਿਖੇ ਸ੍ਰੀ ਸਤਿਗੁਰੂ ਜੀ ਅਤੇ ਮਾਤਾ ਜੀ ਪਰਿਵਾਰ ਨੂੰ ਨਿਵਾਜ਼ਦੇ ਹੋਏ



ਜਥੇਦਾਰ ਸੇਵਾ ਸਿੰਘ ਜੀ ਦਾ ਪੋਤਰਾ ਰਤਨ ਸਿੰਘ ਸਰਦਾਰ ਸੁਖਵਿੰਦਰ ਸਿੰਘ ਜੀ ਦੀ
ਪੁਤਰੀ ਸਵਰਨ ਕੌਰ ਆਨੰਦ ਕਾਰਜ ਤੋਂ ਬਾਅਦ ਸ੍ਰੀ ਸਤਿਗੁਰੂ ਜੀ ਨਾਲ ਯਾਦਗਾਰੀ ਤਸਵੀਰ

# ਸਤਿਜੁਗ

੧੮ ਤੋਂ ੩੦ ਪੋਹ ੨੦੭੮ ਬਿ.

1 ਤੋਂ 13 ਜਨਵਰੀ 2021 ਈ.

ਜਿਲਦ 101, ਨੰਬਰ 22



ਸਲਾਹਕਾਰ ਮੈਂਬਰ

ਹਰਵਿੰਦਰ ਸਿੰਘ ਹੰਸਪਾਲ
ਸੁਵਰਨ ਸਿੰਘ ਵਿਰਕ
ਹਰਪਾਲ ਸਿੰਘ ਸੇਵਕ
ਸੰਤ ਨਿਸ਼ਾਨ ਸਿੰਘ
ਗੁਰਭੇਜ ਸਿੰਘ ਗੁਰਾਇਆ

ਸੰਪਾਦਕ

ਜਸਵੰਤ ਸਿੰਘ ਮਸਤ
ਗੁਰਲਾਲ ਸਿੰਘ
ਭਜਨ ਸਿੰਘ



*Printed and Published by
Mr. Harvendra Singh Hanspal
on behalf of Namdhari Darbar.
Printed at Summit advertising press,
2DLF (Part), Moti Nagar, New Delhi
and Published from Namdhari Gurdwara,
Ramesh Nagar, New Delhi-110015.*

THE SATJUG
Namdhari Gurdwara
Ramesh Nagar, New Delhi-15
RNI No. 55658/93
LDM/008/2021-2023

***Designed and Typeset:***

ਹਾਕਮ ਸਿੰਘ, ਯੁਵਰਾਜ ਸਿੰਘ
ਤਰਨ ਬੱਲ

ਪੱਤਰ ਵਿਹਾਰ ਦਾ ਪਤਾ :
ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ, ਪੰਜਾਬ-141126
ਫੋਨ : 98550-58178
89267-83000, 98155-75099
***Email- Satjug@sribhainisahib.com***


# ਤਤਕਰਾ


* ਸੰਪਾਦਕੀ - ਜਿੱਤ ਲੜਦੇ ਲੋਕਾਂ ਦੀ......
  ਗੁਰਲਾਲ ਸਿੰਘ.......................................4
* ਗੁਰਬਾਣੀ ਵਿਆਖਿਆ.......................................6
* ਹੁਕਮਨਾਮਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ......................9
* ਉਪਦੇਸ਼ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ.....................9
* ਇਕ ਸਦੀ ਪਿਛੋਂ ਹਕੂਮਤੀ ਹੈਂਕੜ ਉੱਤੇ ਸਬਰ, ਸਿਦਕ ਅਤੇ ਸਿਰੜ ਦੀ ਜਿੱਤ
  ਡਾ. ਗੁਰਦੇਵ ਸਿੰਘ ਸਿੱਧੂ............................10
* ਵਾਹੁ ਵਾਹੁ ਪੂਰੇ ਗੁਰ ਕੀ ਬਾਣੀ
  ਜਗਦੀਸ਼ ਸਿੰਘ ਵਰਿਆਮ...........................13
* ਬੀਤੇ ਦੀਆਂ ਪੈੜਾਂ (ਅਣਛਪਿਆ ਭਾਗ)
  ਸਵ. ਪ੍ਰੀਤਮ ਸਿੰਘ ਕਵੀ............................18
* Sri Satguru Gobind Singh Ji
  **Suba Surinder Kaur Kharal...........................21**
* Jin Prem Keeo Tin He Prabh Pyeo
  **Aasa Singh Channa....................................25**
* A Saga of Sri Satguru Jagjit Singh ji
  **Dr. Sharada Jayagovind ........................30**
* ਕਾਵਿ-ਕਿਆਰੀ...........................................32
* ਸੁੱਚੇ-ਮੋਤੀ.................................................34
* ਬੱਚਿਆਂ ਦਾ ਪੰਨਾ..........................................35
* ਖ਼ਬਰਨਾਮਾ..................................................36


ਨੋਟ- ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
ਸਤਜੁਗਿ ਸਚੁ ਕਹੈ ਸਭੁ ਕੋਈ॥
ਸਤਜੁਗ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰ ੧੯੭੭ ਬਿ. (1920 ਈ:) ਤੋਂ ਸਥਾਪਿਤ

ਸੰਪਾਦਕੀ

# ਜਿੱਤ ਲੜਦੇ ਲੋਕਾਂ ਦੀ......

378 ਦਿਨਾਂ ਬਾਅਦ ਕਿਸਾਨ ਦਿੱਲੀ ਦੀਆਂ ਬਰੂਹਾਂ ਤੋਂ ਮੁੜੇ ਹਨ। ਇਸ ਲੰਬੇ ਸੰਘਰਸ਼ ਵਿੱਚ ਲਗਪਗ ਸੱਤ ਸੌ ਕਿਸਾਨ ਸ਼ਹੀਦ ਹੋਏ। ਇਹ ਅੰਦੋਲਨ ਦੁਨੀਆਂ ਦਾ ਸਭ ਤੋਂ ਵੱਡਾ ਕਿਸਾਨੀ ਅੰਦੋਲਨ ਸੀ। ਕੇਂਦਰ ਸਰਕਾਰ ਨੇ 5 ਜੂਨ 2020 ਨੂੰ ਕੋਰੋਨਾ ਦੇ ਦੌਰ ਵਿੱਚ ਤਿੰਨ ਆਰਡੀਨੈਂਸ ਲਿਆਂਦੇ ਸਨ ਜਿਨ੍ਹਾਂ ਨੂੰ ਸਤੰਬਰ ਦੇ ਸੰਸਦੀ ਸੈਸ਼ਨ ਦੌਰਾਨ ਬਿਨਾਂ ਬਹਿਸ ਕੀਤੇ ਕਾਨੂੰਨੀ ਦਰਜਾ ਦੇ ਦਿੱਤਾ ਗਿਆ। ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਨੇ ਕਾਨੂੰਨਾਂ ਵਿਰੁੱਧ ਲਾਮਬੰਦੀ ਆਰੰਭ ਕੀਤੀ ਵੱਖ- ਵੱਖ ਥਾਵਾਂ 'ਤੇ ਧਰਨੇ ਪ੍ਰਦਰਸ਼ਨ ਆਰੰਭ ਹੋਏ ਸਰਕਾਰ ਦਾ ਪੂਰਾ ਜ਼ੋਰ ਅੰਤ ਤਕ ਇਸ ਗੱਲ ਤੇ ਰਿਹਾ ਕਿ ਇਹ ਕਾਨੂੰਨ ਕਿਸਾਨਾਂ ਦੇ ਹਿੱਤ ਵਿੱਚ ਹਨ। ਕਿਸਾਨ ਜਥੇਬੰਦੀਆਂ ਦੇ ਆਗੂਆਂ ਵੱਲੋਂ ਵੱਖ-ਵੱਖ ਪਿੰਡਾਂ, ਸ਼ਹਿਰਾਂ ਵਿਚ ਜਾ ਕੇ ਇਨ੍ਹਾਂ ਤਿੰਨਾਂ ਕਾਨੂੰਨਾਂ ਬਾਰੇ ਵਿਸਥਾਰ ਨਾਲ ਦੱਸਿਆ ਅਤੇ ਲੋਕਾਂ ਨੂੰ ਅਪੀਲ ਕੀਤੀ ਜੇ ਹੁਣ ਵੀ ਆਪਾਂ ਨਾ ਤੁਰੇ ਤਾਂ ਖੇਤੀ ਲਈ ਸਭ ਤੋਂ ਵੱਡਾ ਸੰਕਟ ਖੜ੍ਹਾ ਹੋ ਜਾਵੇਗਾ। ਪੰਜਾਬ ਦੇ ਲੋਕ ਇਸ ਵਾਰ ਫੇਰ ਘਰ ਬਾਰ ਛੱਡ ਸੜਕਾਂ 'ਤੇ ਆ ਗਏ।

ਨ੍ਹੇਰੀ ਭਾਵੇਂ ਝੱਖੜ ਝੱਲੇ ਬਾਬਾ ਜੀ
ਸਾਨੂੰ ਮਿਲਿਆ ਦੀਵਾ ਅਸਾਂ ਜਗਾਉਣ ਏ।

ਪੰਜਾਬ ਵਿਚੋਂ ਨਿੱਕਲ ਇਹ ਅੰਦੋਲਨ ਹਰਿਆਣਾ, ਯੂਪੀ, ਮਹਾਰਾਸ਼ਟਰ, ਰਾਜਸਥਾਨ ਆਦਿ ਸਟੇਟਾਂ ਵਿੱਚ ਫੈਲ ਗਿਆ। 'ਦਿੱਲੀ ਚਲੋ' ਦੇ ਨਾਅਰੇ ਹੇਠ ਕਿਸਾਨਾਂ ਨੇ ਦਿੱਲੀ ਵੱਲ ਰੁਖ਼ ਕੀਤਾ। ਸਰਕਾਰ ਨੇ ਕਿਸਾਨਾਂ ਨੂੰ ਰੋਕਣ ਲਈ, ਕਈ ਉਪਰਾਲੇ ਕੀਤੇ ਜਲ ਤੋਪਾਂ, ਅੱਥਰੂ ਗੈਸ, ਲਾਠੀਚਾਰਜ, ਕੰਡਿਆਲੀਆਂ ਤਾਰਾਂ, ਪੱਥਰ ਤੇ ਲੋਹੇ ਦੇ ਵੱਡੇ ਬੈਰੀਅਰ ਪਰ ਸਭ ਨੂੰ ਪਾਰ ਕਰਦੇ ਕਿਸਾਨਾਂ ਦੇ ਟਰੈਕਟਰ ਅੱਗੇ ਵੱਧਦੇ ਗਏ।

ਪਿੰਡਾਂ ਵਿੱਚੋਂ ਤੁਰੇ ਹੋਏ ਪੁੱਤ ਨੀ ਬਹਾਦਰਾਂ ਦੇ
ਤੇਰੇ ਮਹਿਲੀਂ ਵੜੇ ਕੇ ਵੜੇ......।

26 ਨਵੰਬਰ 2020 ਨੂੰ ਕਿਸਾਨਾਂ ਨੇ ਦਿੱਲੀ ਨੂੰ ਜੋੜਨ ਵਾਲੇ ਵੱਖ-ਵੱਖ ਮਾਰਗਾਂ ਤੇ ਆਪਣਾ ਡੇਰਾ ਜਮਾ ਲਿਆ। ਕਿਸਾਨਾਂ ਨੇ ਆਪਣਾ ਟਿਕਾਣਾ ਰਾਮਲੀਲਾ ਮੈਦਾਨ ਵਿੱਚ ਕਰਨਾ ਸੀ ਪਰ ਸਰਕਾਰ ਨੇ ਦਿੱਲੀ ਵੜਨ ਤੋਂ ਪਹਿਲਾਂ ਹੀ ਰੋਕ ਦਿੱਤਾ। ਸਿੰਘੂ, ਟਿਕਰੀ, ਗਾਜ਼ੀਪੁਰ ਬਾਰਡਰ ਕਿਸਾਨਾਂ ਦੀਆਂ ਮੁੱਖ ਸਟੇਜਾਂ ਬਣ ਗਈਆਂ। ਇਹ ਗੱਲ ਤਾਂ ਆਰੰਭ ਤੋਂ ਹੀ ਸਪਸ਼ਟ ਹੋ ਗਈ ਸੀ ਕਿ ਅੰਦੋਲਨ ਲੰਬਾ ਚੱਲੇਗਾ। ਕਿਸਾਨਾਂ ਨੇ ਆਪਣੀਆਂ ਟਰਾਲੀਆਂ ਨੂੰ ਹੀ ਘਰ ਬਣਾ ਲਿਆ ਲੰਗਰਾਂ ਲਈ ਟੈਂਟ ਗੱਡ ਲਏ। ਵੱਖ-ਵੱਖ ਸੰਸਥਾਵਾਂ ਨੇ ਕਿਸਾਨਾਂ ਲਈ ਲੰਗਰ ਅਤੇ ਦਵਾਈਆਂ ਦਾ ਪ੍ਰਬੰਧ ਕੀਤਾ। ਇਸ ਅੰਦੋਲਨ ਵਿੱਚ ਐੱਨ. ਆਰ. ਆਈ ਲੋਕਾਂ ਨੇ ਬਹੁਤ ਵਧ ਚੜ੍ਹ ਕੇ ਹਿੱਸਾ ਪਾਇਆ। ਵਿਦੇਸ਼ੀ ਪੰਜਾਬੀ ਭਾਈਚਾਰੇ ਨੇ ਜਿਥੇ ਆਪਣੇ ਚੁਣੇ ਹੋਏ ਨੁਮਾਇੰਦਿਆਂ ਰਾਹੀਂ ਭਾਰਤ ਸਰਕਾਰ ਤੇ ਦਬਾਅ ਬਣਾਇਆ ਉਥੇ ਭਾਰਤੀ ਹਾਈ ਕਮਿਸ਼ਨਰਾਂ ਦੇ ਦਫ਼ਤਰਾਂ ਅੱਗੇ ਤਿੰਨ ਖੇਤੀ ਕਾਨੂੰਨਾਂ ਖ਼ਿਲਾਫ਼ ਰੋਸ ਮੁਜ਼ਾਹਰੇ ਕੀਤੇ। ਭਾਰਤੀ ਮੂਲ ਦੇ ਲੀਡਰ ਭਾਵੇਂ ਉਹ ਕਿਸੇ ਵੀ ਦੇਸ਼ ਦੀ ਪਾਰਲੀਮੈਂਟ ਵਿੱਚ ਸੀ ਉਸ ਨੇ ਭਾਰਤ ਸਰਕਾਰ ਨੂੰ ਕਿਸਾਨਾਂ ਨਾਲ ਸਹਿਮਤੀ ਬਣਾਉਣ ਲਈ ਅਪੀਲ ਕੀਤੀ। ਯੂ.ਕੇ ਦੇ ਪਾਰਲੀਮੈਂਟ ਦੇ ਇਕ ਐਮ. ਪੀ. ਤਨਮਨਜੀਤ ਸਿੰਘ ਢੇਸੀ ਜੋ ਸੈਂਡੋ ਰੇਲਵੇ ਮੰਤਰੀ ਵੀ ਹਨ, ਨੇ ਕਿਸਾਨਾਂ ਦੇ ਹੱਕ ਵਿੱਚ ਇੱਕ ਲਹਿਰ ਚਲਾਈ ਜਿਸ ਵਿੱਚ ਪੈਂਤੀ ਐਮ. ਪੀ ਜੀ ਦੇ

ਦਸਤਖ਼ਤ ਕਰਵਾ ਕੇ ਵਿਦੇਸ਼ ਮੰਤਰੀ ਅਤੇ ਆਪਣੇ ਪ੍ਰਧਾਨ ਮੰਤਰੀ ਬੋਰਿਸ ਜੌਹਨਸਨ ਨੂੰ ਦਰਖਾਸਤ ਕੀਤੀ ਕਿ ਉਹ ਕਿਸਾਨੀ ਮਾਮਲੇ ਵਿਚ ਨੋਟਿਸ ਲੈ ਕੇ ਭਾਰਤੀ ਸਰਕਾਰ ਨੂੰ ਅਪੀਲ ਕਰਨ ਕਿ ਉਹ ਕਿਸਾਨਾਂ ਦੀਆਂ ਮੰਗਾਂ ਨੂੰ ਮੰਨ ਜਾਵੇ। ਕਿਸਾਨੀ ਮੁੱਦੇ ਤੇ ਯੂ. ਕੇ ਦੀ ਸੰਸਦ ਵਿਚ ਬਹਿਸ ਹੋਈ। ਇਹ ਸਾਰੀਆਂ ਗੱਲਾਂ ਛੋਟੀਆਂ ਨਹੀਂ ਸਨ। ਖਾਸ ਕਰਕੇ ਪੰਜਾਬੀਆਂ ਨੇ ਸਰਕਾਰ ਨੂੰ ਘੇਰਨ ਲਈ ਪੰਜਾਹ ਤੋਂ ਵੱਧ ਦੇਸ਼ਾਂ ਵਿੱਚ ਰੋਸ ਪ੍ਰਦਸ਼ਨ ਕਰ ਉਥੋਂ ਦੀਆਂ ਸਰਕਾਰਾਂ ਨੂੰ ਕਿਸਾਨੀ ਦਰਦ ਤੋਂ ਵਾਕਫ਼ ਕਰਾਇਆ। ਇਸ ਅੰਦੋਲਨ ਦਾ ਘੇਰਾ ਇੰਨਾ ਵੱਡਾ ਸੀ ਕਿ ਦੁਨੀਆਂ ਭਰ ਦੇ ਰਾਜਨੀਤਿਕ ਲੋਕ, ਕਲਾਕਾਰ, ਖਿਡਾਰੀ ਇਸ ਬਾਰੇ ਟਵੀਟ ਕਰਦੇ ਰਹੇ।

ਇਸ ਧਰਨੇ ਤੇ ਬੈਠੇ ਕਿਸਾਨਾਂ ਨੇ ਕਈ ਮੁਸ਼ਕਲਾਂ ਦਾ ਸਾਹਮਣਾ ਕੀਤਾ ਪੋਹ-ਮਾਘ ਦੀਆਂ ਬਰਫ਼ੀਲੀਆਂ ਰਾਤਾਂ ਅਤੇ ਜੇਠ-ਹਾੜ ਦੇ ਅੱਗ ਵਰਾਉਂਦੇ ਦਿਨ ਟਰਾਲੀਆਂ ਤੇ ਸੜਕਾਂ ਤੇ ਲੱਗੇ ਤੰਬੂਆਂ ਵਿਚ ਕੱਢਣੇ ਕਿਸੇ ਲਈ ਵੀ ਸੌਖੇ ਨਹੀਂ ਹੁੰਦੇ। ਆਪਣੇ ਇਤਿਹਾਸ ਤੋਂ ਚਾਨਣਾ ਲੈਂਦੇ ਇਹ ਲੋਕ ਸਿਦਕ ਅਤੇ ਸਿਰੜ ਨਾਲ ਬੈਠੇ ਰਹੇ।

ਨੈਸ਼ਨਲ ਮੀਡੀਆ ਦਾ ਬਹੁਤ ਵੱਡਾ ਭਾਗ ਕਿਸਾਨਾਂ ਦੇ ਖਿਲਾਫ਼ ਭੁਗਤਿਆ। ਇਸ ਲਈ ਕਿਸਾਨਾਂ ਨੇ ਆਪਣਾ ਅਖ਼ਬਾਰ ਟਰਾਲੀ ਟਾਈਮਜ਼ ਸ਼ੁਰੂ ਕੀਤਾ। ਜੋ ਸੱਚੀ ਖ਼ਬਰ ਧਰਨੇ 'ਤੇ ਬੈਠੇ ਸਾਥੀਆਂ ਤੱਕ ਪਹੁੰਚਾ ਸਕੇ। ਸਰਕਾਰ ਨੇ ਅੰਦੋਲਨ ਖ਼ਤਮ ਕਰਨ ਲਈ ਸਾਰੇ ਹੱਥਕੰਡੇ ਅਪਣਾਏ ਸ਼ੁਰੂਆਤੀ ਦੌਰ ਵਿੱਚ ਗਿਆਰਾਂ ਮੀਟਿੰਗਾਂ ਸਰਕਾਰ ਅਤੇ ਕਿਸਾਨਾਂ ਵਿੱਚ ਹੋਈਆਂ, ਜੋ ਬੇਸਿੱਟਾ ਰਹੀਆਂ। 26 ਜਨਵਰੀ ਦੀ ਘਟਣਾ ਤੋਂ ਬਾਅਦ ਅੰਦੋਲਣ ਨੂੰ ਬਰਕਰਾਰ ਰੱਖਣ ਦਾ ਸੰਕਟ ਪੈਦਾ ਹੋ ਗਿਆ। ਸਰਕਾਰ ਅੰਦੋਲਨ ਨੂੰ ਖਤਮ ਕਰਨ ਦੀ ਤਿਆਰੀ ਕਰਨ ਲੱਗੀ । ਗਾਜੀਪੁਰ ਬਾਰਡਰ 'ਤੇ ਲੱਗੇ ਧਰਨੇ ਵਿੱਚ ਬਹੁਤ ਥੋੜ੍ਹੇ ਕਿਸਾਨ ਰਹਿ ਗਏ। ਪੁਲਿਸ ਟੀਮਾਂ ਵੱਡੀ ਗਿਣਤੀ 'ਚ ਧਰਨਾ ਚੁੱਕਣ ਲਈ ਤਿਆਰ ਸਨ ਕਿ ਮੀਡੀਆ ਦੇ ਕੈਮਰੇ ਦੇ ਸਾਹਮਣੇ ਆ ਕਿਸਾਨ ਲੀਡਰ ਰਾਕੇਸ਼ ਟਿਕੈਤ ਨੇ ਅੱਖਾਂ ਭਰ ਕਿਹਾ ਕਿ "ਹਮ ਯਹੀਂ ਰਹੇਂਗੇ, ਯੇ ਅੰਦੋਲਨ ਖ਼ਤਮ ਕਰਨਾ ਚਾਹਤੇ ਹੈਂ, ਕਿਸਾਨ ਕੋ ਬਰਬਾਦ ਕਰਨਾ ਚਾਹਤੇ ਹੈਂ, ਜੇ ਬਿੱਲ ਵਾਪਸ ਹੋਗਾ, ਯੇ ਸਾਜ਼ਸ ਕਰ ਰਹੇ ਹੈਂ, ਹਮ ਖ਼ਾਲੀ ਨਹੀਂ ਕਰੇਂਗੇ।" ਰਾਕੇਸ਼ ਟਿਕੈਤ ਨੂੰ ਰੋਂਦਾ ਵੇਖ ਜਿੱਥੇ ਯੂ.ਪੀ ਦੇ ਕਿਸਾਨ ਰਾਤੋ ਰਾਤ ਧਰਨੇ ਤੇ ਪਹੁੰਚ ਗਏ ਉੱਥੇ ਵੱਖ-ਵੱਖ ਸੂਬਿਆਂ ਤੋਂ ਹਜ਼ਾਰਾਂ ਲੋਕ ਦਿਨ ਚੜ੍ਹਦੇ ਨੂੰ ਦਿੱਲੀ ਦੇ ਬਾਰਡਰਾਂ 'ਤੇ ਆ ਬੈਠੇ। ਰਾਕੇਸ਼ ਟਿਕੈਤ ਦੇ ਅਥਰੂਆਂ ਨੇ ਸੰਘਰਸ਼ ਵਿੱਚ ਨਵਾਂ ਜੋਸ਼ ਭਰ ਦਿੱਤਾ।

ਇਕ ਗੁਲ ਕੇ ਮੁਰਝਾ ਜਾਨੇ ਪਰ ਕਯਾ ਗੁਲਸ਼ਨ ਮੇਂ ਕੁਹਰਾਮ ਮਚਾ
ਇਕ ਚਿਹਰਾ ਕੁਮਲਾ ਜਾਨੇ ਸੇ ਕਿਤਨੇ ਦਿਲ ਨਾਸ਼ਾਦ ਹੋਏ।

ਕਿਸਾਨਾਂ ਨੇ ਇੱਕ ਸਾਲ ਤੋਂ ਵੱਧ ਸਮਾਂ ਸੜਕਾਂ 'ਤੇ ਖੁੱਲ੍ਹੇ ਆਸਮਾਨ ਹੇਠ ਲੰਘਾਇਆ। ਸਰਕਾਰ ਨੇ ਹਰ ਹੀਲਾ ਵਰਤ ਕਿਸਾਨਾਂ ਦੇ ਜਜ਼ਬੇ ਨੂੰ ਤੋੜਨ ਦਾ ਯਤਨ ਕੀਤਾ। ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਵੀ ਆਪਣੀ ਯੋਗਤਾ ਦਾ ਸਬੂਤ ਸਾਰੀ ਦੁਨੀਆਂ ਨੂੰ ਦਿੱਤਾ। ਆਖਰ ਗੁਰੂ ਨਾਨਕ ਦੇਵ ਜੀ ਦੇ 552 ਵੇਂ ਪ੍ਰਕਾਸ਼ ਪੁਰਬ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੰਬੋਧਨ ਕਰਦਿਆਂ ਕਿਹਾ ਕਿ "ਅਸੀਂ ਤਿੰਨੇ ਖੇਤੀ ਕਾਨੂੰਨ ਰੱਦ ਕਰਦੇ ਹਾਂ"। ਇਸ ਐਲਾਨ ਨਾਲ ਖੁਸ਼ੀ ਦੀ ਲਹਿਰ ਦੌੜ ਗਈ। ਸੰਯੁਕਤ ਕਿਸਾਨ ਮੋਰਚੇ ਨੇ ਕਿਹਾ ਕਿ ਸਾਡੀਆਂ ਦੂਜੀਆਂ ਪ੍ਰਮੁੱਖ ਮੰਗਾਂ ਵੀ ਸਰਕਾਰ ਮੰਨੇ ਜਿਨ੍ਹਾਂ ਵਿਚ ਐਮ. ਐਸ ਪੀ ਦਾ ਕਾਨੂੰਨ ਬਣੇ, ਕਿਸਾਨ ਸਾਥੀਆਂ 'ਤੇ ਬਣੇ ਝੂਠੇ ਮੁਕੱਦਮੇ ਖ਼ਤਮ ਕਰੇ, ਬਿਜਲੀ ਕਾਨੂੰਨ ਐਗਰੀਕਲਚਰ ਸੈਕਟਰ ਤੇ ਲਾਗੂ ਨਾ ਹੋਵੇ। ਇਹ ਮੰਗਾਂ ਨੂੰ ਵੀ ਸਰਕਾਰ ਲਈ ਵੀ ਹਾਮੀ ਭਰੀ ਹੈ। ਅੰਦੋਲਨ ਵਾਪਸੀ ਦਾ ਐਲਾਨ ਹੋਇਆ। 11 ਦਸੰਬਰ 2021 ਨੂੰ ਬਾਰਡਰਾਂ ਤੋਂ 378 ਦਿਨਾਂ ਬਾਅਦ ਕਿਸਾਨ ਵਾਪਸ ਘਰਾਂ ਨੂੰ ਤੁਰੇ।

ਇੰਝ ਹੀ ਹਮੇਸ਼ਾ ਉਲਝਦੀ ਰਹੀ ਹੈ ਖਲਕਤ
ਜੁਲਮ ਦੇ ਨਾਲ
ਨਾ ਉਹਨਾਂ ਦੀ ਰਸਮ ਨਵੀਂ ਹੈ
ਨਾ ਸਾਡੀ ਰੀਤ ਨਵੀਂ
ਇੰਝ ਹੀ ਹਮੇਸ਼ਾ ਖਿੜਾਏ ਨੇ ਅਸਾਂ ਅੱਗ ਦੇ ਫੁੱਲ
ਨਾ ਉਹਨਾਂ ਦੀ ਹਾਰ ਨਵੀਂ ਹੈ
ਨਾ ਸਾਡੀ ਜਿੱਤ ਨਵੀਂ

**ਗੁਰਲਾਲ ਸਿੰਘ**
**97800-97898**

# ਗੁਰਬਾਣੀ ਵਿਆਖਿਆ- ਜਪੁ ਸਾਹਿਬ

**ਰਾਤੀ ਰੁਤੀ ਥਿਤੀ ਵਾਰ ॥**

ਰਾਤਾਂ, ਰੁੱਤਾਂ, ਥਿੱਤਾਂ ਅਤੇ ਵਾਰ।

Nights, seasons, dates and days

**ਪਵਣ ਪਾਣੀ ਅਗਨੀ ਪਾਤਾਲ ॥**

ਹਵਾ, ਪਾਣੀ, ਅੱਗ ਅਤੇ ਪਤਾਲ

Air, water, fire and hell

**ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮ ਸਾਲ ॥**

ਇਨ੍ਹਾਂ ਸਾਰਿਆਂ ਵਿੱਚ ਧਰਤੀ ਨੂੰ ਸਥਾਪਿਤ ਕਰਕੇ ਇੱਕ ਮਰਿਆਦਾ ਵਿੱਚ ਬੰਨ੍ਹ ਕੇ ਰਖਿਆ ਹੈ।

He has created the earth in the midst of all these,
disciplining them in strict order.

**ਤਿਸੁ ਵਿਚਿ ਜੀਅ ਜੁਗਤਿ ਕੇ ਰੰਗ ॥**

ਇਸ ਧਰਤੀ ਵਿੱਚ ਕਈ ਰੰਗਾਂ ਤੇ ਢੰਗਾਂ ਨਾਲ ਜੀਵ ਪੈਦਾ ਕੀਤੇ ਹਨ।

He has created creatures of different colours and types.

**ਤਿਨ ਕੇ ਨਾਮ ਅਨੇਕ ਅਨੰਤ ॥**

ਜਿਨ੍ਹਾਂ ਦੇ ਅਨੇਕਾਂ ਤੇ ਬੇਅੰਤ ਨਾਮ ਹਨ।

They are known by several names.

**ਕਰਮੀ ਕਰਮੀ ਹੋਇ ਵੀਚਾਰੁ ॥**

ਇਨ੍ਹਾਂ ਸਾਰਿਆਂ ਦਾ ਕਰਮਾਂ ਅਨੁਸਾਰ ਲੇਖਾ ਹੁੰਦਾ ਹੈ।

Everyone is judged by their actions (*karma*).

**ਸਚਾ ਆਪਿ ਸਚਾ ਦਰਬਾਰੁ ॥**

ਉਹ ਪ੍ਰਭੂ ਆਪ ਵੀ ਸੱਚਾ ਹੈ ਅਤੇ ਉਸਦਾ ਦਰਬਾਰ ਵੀ ਸੱਚਾ ਹੈ।

God is true and His court is also true.

**ਤਿਥੈ ਸੋਹਨਿ ਪੰਚ ਪਰਵਾਣੁ ॥**

ਉੱਥੇ ਸਾਧ-ਜਨ ਪ੍ਰਤੱਖ ਤੌਰ 'ਤੇ ਸ਼ੋਭਾ ਪਾਉਂਦੇ ਹਨ।

There, the saints are honoured.

**ਨਦਰੀ ਕਰਮਿ ਪਵੈ ਨੀਸਾਣੁ ॥**

ਉਹਨਾਂ 'ਤੇ ਮਿਹਰ ਕਰਨ ਵਾਲੇ ਪ੍ਰਭੂ ਦਾ ਬਖਸ਼ਿਸ਼ ਦੁਆਰਾ ਵਡਿਆਈ ਰੂਪੀ ਨਿਸ਼ਾਨ ਪੈਂਦਾ ਹੈ।

With God's grace and benevolence, they are recognised there.

**ਕਚ ਪਕਾਈ ਓਥੈ ਪਾਇ ॥**

ਉੱਥੇ ਜੀਵ ਦੀ ਕਚਿਆਈ-ਪਕਿਆਈ ਦਾ ਪਤਾ ਲਗਦਾ ਹੈ।

There, one comes to know the strengths and weakness of mortal beings.

**ਨਾਨਕ ਗਇਆ ਜਾਪੈ ਜਾਇ ॥੩੪॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਉਸ ਸੱਚੇ ਦੇ ਦਰਬਾਰ ਵਿੱਚ ਗਿਆਂ ਹੀ ਪਤਾ ਲਗੇਗਾ ਕਿ ਕਚਿਆਈ ਕਿਸ ਵਿੱਚ ਹੈ ਅਤੇ ਪਕਿਆਈ ਕਿਸ ਵਿੱਚ ਹੈ।

*Satguru Nanak* says that only when one reaches the God's abode, one realises who is strong and who is weak.

**ਧਰਮ ਖੰਡ ਕਾ ਏਹੋ ਧਰਮੁ ॥**

ਧਰਮ ਖੰਡ ਦਾ ਇਹੋ ਧਰਮ ਹੈ, ਜੋ ਉਪਰੋਕਤ ਪਉੜੀ ਵਿੱਚ ਦੱਸਿਆ ਗਿਆ ਹੈ।

that is the duty of 'righteousness section' (as mentioned above).

**ਗਿਆਨ ਖੰਡ ਕਾ ਆਖਹੁ ਕਰਮੁ ॥**

ਹੁਣ ਮੈਂ ਗਿਆਨ ਖੰਡ ਦਾ ਕੰਮ ਦੱਸਦਾ ਹਾਂ।

(*Satguru Nanak* says) I will now tell about the 'knowledge section'.

**ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ ਮਹੇਸ ॥**

ਅਨੇਕਾਂ ਹਵਾਵਾਂ, ਪਾਣੀ, ਅੱਗਾਂ ਹਨ ਅਤੇ ਅਨੇਕਾਂ ਹੀ ਕ੍ਰਿਸ਼ਨ ਤੇ ਸ਼ਿਵ ਹਨ।

There are several winds, waters, fires and several *Krishnas* and *Shivas*.

**ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ ॥**

ਅਨੇਕਾਂ ਹੀ ਰੂਪ, ਰੰਗ ਤੇ ਲਿਬਾਸ ਕਰਕੇ ਰਚੀਆਂ ਹੋਈਆਂ ਰਚਨਾਵਾਂ ਹਨ।

There are several creations in various forms, colours and costumes.

**ਕੇਤੀਆ ਕਰਮ ਭੂਮੀ ਮੇਰ ਕੇਤੇ ਕੇਤੇ ਧੂ ਉਪਦੇਸ ॥**

ਅਨੇਕਾਂ ਧਰਤੀਆਂ, ਸੁਮੇਰ ਪਰਬਤ, ਧ੍ਰੂਅ ਭਗਤ ਅਤੇ ਉਨ੍ਹਾਂ ਦੇ ਉਪਦੇਸ਼ ਕਰਨ ਵਾਲੇ ਹਨ।

There are several earths, several mountains,

several devotees like *Dhruv* and others who give discourses.

**ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ ॥**

ਅਨੇਕਾਂ ਹੀ ਇੰਦਰ, ਚੰਦਰਮਾ, ਸੂਰਜ ਅਤੇ ਦੇਸ਼ ਹਨ।

There are several *Indras*, moons, suns and worlds.

**ਕੇਤੇ ਸਿਧ ਬੁਧ ਨਾਥ ਕੇਤੇ ਕੇਤੇ ਦੇਵੀ ਵੇਸ ॥**

ਅਨੇਕਾਂ ਸਿੱਧ, ਬੁੱਧ ਅਵਤਾਰ, ਸੁਆਮੀ ਅਤੇ ਦੇਵੀਆਂ ਦੇ ਲਿਬਾਸ ਹਨ।

There are several sages, *avatars* of *Buddha*, Kings and Goddesses.

**ਕੇਤੇ ਦੇਵ ਦਾਨਵ ਮੁਨਿ ਕੇਤੇ ਕੇਤੇ ਰਤਨ ਸਮੁੰਦ ॥**

ਅਨੇਕਾਂ ਹੀ ਦੇਵਤੇ, ਦੈਂਤ, ਮੁਨੀ ਅਤੇ ਸਮੁੰਦਰਾਂ ਦੇ ਰਤਨ ਹਨ।

There are several demi-Gods, demons, sages and oceans full of jewels.

**ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ ॥**

ਅਨੇਕਾਂ ਖਾਣੀਆਂ, ਬਾਣੀਆਂ, ਰਾਜੇ ਅਤੇ ਪਾਤਸ਼ਾਹ ਹਨ।

There are several sources of creations, languages, Kings and Emperors.

**ਕੇਤੀਆ ਸੁਰਤੀ ਸੇਵਕ ਕੇਤੇ ਨਾਨਕ ਅੰਤੁ ਨ ਅੰਤੁ ॥੩੫॥**

ਅਨੇਕਾਂ ਹੀ ਧਿਆਨ ਦੀਆਂ ਕਿਸਮਾਂ ਤੇ ਸੇਵਕ ਹਨ,

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਉਸ ਕਰਤੇ ਦਾ ਅੰਤ ਨਹੀਂ ਪਾਇਆ ਜਾ ਸਕਦਾ।

There are several, who practice different types of meditations;

*Satguru Nanak* says that God has no end.

**ਨਾਮਧਾਰੀ ਨਿਤਨੇਮ ਸਟੀਕ ਵਿੱਚੋਂ**

..............................................................

# ਹੁਕਮਨਾਮਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ



ਮੈ ਇਹ ਬਾਤ ਸਮਝੀ ਜੋ ਸੰਗਤਿ ਕੋ ਬੀ ਬਡਾ ਭਾਰੀ ਦੁਖ ਬਿਛੋੜੇ ਦਾ ਹੈ। ਸੋ ਖਾਲਸਾ ਜੀ ਤਗੜੇ ਹੋ ਕੇ ਭਜਨ ਬਾਨੀ ਕਰੋ। ਬਾਨੀ ਦਾ ਉਚਾਰ ਕਰੋ ਪ੍ਰਭਾਤੇ। ਭੋਗ ਗ੍ਰੰਥ ਸਾਹਿਬ ਦੇ ਪਾਓ ਜਿਤਨੇ ਪੁਜ ਆਵਣ। ਸੋ ਇਕ ਦੁਖ ਕਿਆ ਸਭੀ ਦੁਖ ਮਿਟ ਜਾਵਨਗੇ, ਸਤਿ ਕਰ ਮੰਨਣਾ। ਗੁਰੂ ਜੀ ਕਾ ਬਚਨ ਹੈ ਸਰਬ ਰੋਗ ਕਾ ਅਉਖਧੁ ਨਾਮ। ਨਾਮ ਤੇ ਬਾਣੀ ਕਾ ਬਡਾ ਪ੍ਰਤਾਪ ਹੈ, ਪਰਸਪਰ ਮੇਲਾ ਹੈ। ਦੇਖੋ ਨਾਮ ਬਿਚ ਕੇਡੀ ਕਲਾ ਹੈ।ਸੋ ਕਈ ਹਜਾਰ ਭੋਗ ਪਿਆ ਹੈ ਨਾਮ ਕੀ ਕਲਾ ਸੇ, ਅਰ ਕਈ ਹਜਾਰ ਸਿੰਘ ਬਾਨੀ ਦੇ ਉਚਾਰ ਨੂ ਲਗਾ ਹੈ, ਅਰ ਬਾਣੀ ਨਾਮ ਕੇ ਗੁਣਾ ਕੋ ਉਚਾਰ ਕਰਦੀ ਹੈ।ਸੋ ਏਹ ਦੋਨੋ ਅਮੋਲਕ ਚੀਜਾ ਹੈ। ਏਨਾ ਕਾ ਕੁਛ ਮੁਲ ਨਹੀ ਕਹਿਆ ਜਾਦਾ। ਸਿਖਾ ਨੂ ਖਾਲਸਾ ਜੀ ਆਪ ਗੁਰੂ ਸਾਹਿਬ ਕਿਰਪਾ ਕਰਕੇ ਦਾਨ ਦਿੱਤਾ ਹੈ। ਸੋ ਤੁਸੀ ਤਗੜੇ ਹੋਕੇ ਉਚਾਰ ਕਰਨਾ। ਸਾਰੀ ਸੰਗਤ ਨੇ ਤੁਰਦੇ ਫਿਰਦੇ ਕੰਮ ਕਿਰਤ ਕਰਦੇ।

# ਉਪਦੇਸ਼ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

## ਬਖਸ਼ਬੰਦੀ



ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਪਦੇਸ਼ ਵਿੱਚ ਸੁਣਿਆ ਹੈ ਕਿ ਜਿਹੜਾ ਦਿਲੋਂ ਮੁਆਫ਼ੀ ਮੰਗਣ ਵਾਸਤੇ ਜਦੋਂ ਘਰੋਂ ਤੁਰਦਾ ਹੈ, ਉਹ ਘਰੋਂ ਤੁਰਦਾ ਹੀ ਬਖ਼ਸ਼ਿਆ ਜਾਂਦਾ ਹੈ। ਪਰ ਜਿਹੜਾ ਏਥੇ ਆ ਕੇ ਵੀ, ਢਿੱਡ ’ਚ ਕੋਈ ਗੱਲ ਰੱਖ ਕੇ ਮੁਆਫ਼ੀ ਮੰਗਦਾ ਹੈ, ਉਹਦੇ ਵਾਸਤੇ ਸੱਚੇ ਪਾਤਸ਼ਾਹ ਨੇ ਆਖਿਆ ਹੈ ਕਿ ਜੇ ਮੈਂ ਵੀ ਆਖ ਦਿਆਂ ਕਿ ਬਖ਼ਸ਼ਿਆ, ਉਹ ਤਾਂ ਵੀ ਨਹੀਂ ਬਖ਼ਸ਼ਿਆ ਜਾ ਸਕਦਾ। ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ ਵਿੱਚ ਪੜ੍ਹਿਆ ਹੈ ਕਿ ਅੰਦਰੋਂ ਸਤਿਗੁਰੂ ਬਹੁਤ ਅਰਦਾਸ ਸੁਣਦਾ ਹੈ, ਬਾਹਰੋਂ ਨਹੀਂ ਏਨੀ ਸੁਣਦਾ। ਅਰਦਾਸ ਕਰਿਆ ਕਰੋ, ਸਤਿਗੁਰੂ ਸੱਚੇ ਪਾਤਸ਼ਾਹ ਕਿਰਪਾ ਕਰਨ, ਮੇਰੇ ’ਤੇ ਵੀ, ਤੁਹਾਡੇ ’ਤੇ ਵੀ ਅਸੀਂ ਸਾਰੇ ਸਤਿਗੁਰਾਂ ਦੇ ਹੁਕਮਾਂ ’ਤੇ ਚੱਲੀਏ ਤੇ ਅਖ਼ੀਰ ਸਤਿਗੁਰਾਂ ਦੇ ਚਰਨਾਂ ਵਿੱਚ ਸੁਰਖਰੂ ਹੋ ਕੇ ਹਾਜ਼ਰ ਹੋ ਸਕੀਏ।

# ਇਕ ਸਦੀ ਪਿੱਛੋਂ
# ਹਕੂਮਤੀ ਹੈਂਕੜ ਉੱਤੇ ਸਬਰ, ਸਿਦਕ ਅਤੇ ਸਿਰੜ ਦੀ ਜਿੱਤ



**ਡਾ. ਗੁਰਦੇਵ ਸਿੰਘ ਸਿੱਧੂ**
**94170-49417**

ਪੰਜਾਬ ਦੇ ਕਿਸਾਨਾਂ ਦੀ ਪਹਿਲਕਦਮੀ ਉੱਤੇ ਮੁਲਕ ਭਰ ਦੇ ਕਿਸਾਨ, ਮਜ਼ਦੂਰ ਅਤੇ ਹੋਰ ਕਾਮੇ ਪਿਛਲੇ ਇਕ ਸਾਲ ਤੋਂ ਕੇਂਦਰ ਸਰਕਾਰ ਵੱਲੋਂ ਹਰ ਸ਼ਹਿਰੀ ਦੇ ਜੀਵਨ ਜਿਉਣ ਦੇ ਅਧਿਕਾਰ ਨੂੰ ਨਾਂਹਦਰੂ ਪ੍ਰਭਾਵਿਤ ਕਰਨ ਵਾਲੇ ਤਿੰਨ ਕਾਲੇ ਕਾਨੂੰਨਾਂ ਨੂੰ ਰੱਦ ਕਰਵਾਉਣ ਦੀ ਮੰਗ ਨੂੰ ਲੈ ਕੇ ਮੁਲਕ ਦੀ ਰਾਜਧਾਨੀ ਦਿੱਲੀ ਦੇ ਚੌਗਿਰਦੇ ਡੇਰਾ ਜਮਾਈ ਬੈਠੇ ਸਨ। ਇੱਥੇ ਪੁੱਜਣ ਵਾਸਤੇ ਉਹਨਾਂ ਨੇ ਰਾਹ ਵਿਚ ਖੜ੍ਹੇ ਕੀਤੇ ਅੜਿੱਕਿਆਂ ਨੂੰ ਜਿਵੇਂ ਤਹਿਸ ਨਹਿਸ ਕੀਤਾ ਸੀ, ਇਹ ਹੁਣ ਲੁਕੀ ਛਿਪੀ ਗੱਲ ਨਹੀਂ ਰਹੀ। ਦਿੱਲੀ ਦੁਆਲੇ ਸਿੰਘੂ, ਟਿੱਕਰੀ, ਗਾਜ਼ੀਪੁਰ ਆਦਿ ਵਿਚ ਬਣਾਏ ਆਰਜ਼ੀ ਰੈਣ ਬਸੇਰਿਆਂ ਵਿਚ ਬੈਠ ਕੇ ਸਿਆਲ ਦੀ ਸੀਤ, ਹਾੜ ਦੀ ਜਿੰਦ ਲੂਸਦੀ ਗਰਮੀ, ਮੀਂਹ ਅਤੇ ਗੜਿਆਂ ਦੇ ਰੂਪ ਵਿਚ ਆਈ ਕੁਦਰਤੀ ਕ੍ਰੋਪੀ ਨੂੰ ਬਿਨਾਂ 'ਸੀ' ਕੀਤੇ ਝੱਲ ਰਹੇ ਇਹਨਾਂ ਅੰਦੋਲਨਕਾਰੀਆਂ ਦੇ ਜੀਵਨ ਨੂੰ ਹੋਰ ਮੁਸ਼ਕਲ ਬਣਾਉਣ ਵਾਸਤੇ ਪੱਥਰ-ਦਿਲ ਅਤੇ ਅਸੰਵੇਦਨਸ਼ੀਲਤਾ ਦਾ ਮੁਜੱਸਮਾ ਬਣੀ ਸਰਕਾਰ ਨੇ ਕਦੇ ਇਹਨਾਂ ਟਿਕਾਣਿਆਂ ਨੂੰ ਬਿਜਲੀ ਪਾਣੀ ਦੀ ਸਪਲਾਈ ਰੋਕ ਦਿੱਤੀ, ਕਦੇ ਚਾਰਾਂ ਦਿਸ਼ਾਵਾਂ ਵਿੱਚ ਵਲਗਣਾਂ ਮਾਰ ਕੇ ਇਹਨਾਂ ਅੰਦੋਲਨਕਾਰੀਆਂ ਦਾ ਸੰਕੁਚਿਤ ਖੇਤਰ ਤੋਂ ਬਾਹਰ ਨਿਕਲਣਾ ਦੁੱਭਰ ਬਣਾ ਦਿੱਤਾ ਅਤੇ ਕਦੇ ਸੜਕਾਂ ਉੱਤੇ ਕਿੱਲਾਂ ਦੀ ਖੇਤੀ ਬੀਜ ਕੇ ਆਪਣੀ ਕਮੀਨ ਮਨੋਬਿਰਤੀ ਦਾ ਵਿਖਾਵਾ ਕਰਨ ਤੋਂ ਸੰਕੋਚ ਨਾ ਕੀਤਾ। ਨਿਰਸੰਦੇਹ, ਅੰਦੋਲਨ ਦੇ ਭਾਗੀਦਾਰ ਬਣੇ ਗੈਰ-ਪੰਜਾਬੀਆਂ ਲਈ ਨਵਾਂ ਅਨੁਭਵ ਹੋਣ ਕਾਰਨ ਉਹਨਾਂ ਨੂੰ ਇਹ ਕੁੱਝ ਰੜਕਿਆ ਹੋਵੇਗਾ ਪਰ ਪੰਜਾਬੀਆਂ, ਜਿਨ੍ਹਾਂ ਦੇ ਪੁਰਖੇ ਇਕ ਸਦੀ ਪਹਿਲਾਂ ਉਸ ਸਮੇਂ ਦੀ ਅੰਗਰੇਜ਼ ਸਰਕਾਰ ਤੋਂ ਗੁਰਦੁਆਰਿਆਂ ਦੇ ਪ੍ਰਬੰਧ ਨੂੰ ਜਾਤੀ ਜਾਗੀਰਾਂ ਬਣਾਈ ਬੈਠੇ ਮਹੰਤਾਂ ਦੇ ਕਬਜ਼ੇ ਵਿਚੋਂ ਕੱਢ ਕੇ ਕੌਮੀ ਨੁਮਾਇੰਦਿਆਂ ਦੇ ਹੱਥ ਦੇਣ ਦੀ ਆਪਣੀ ਹੱਕੀ ਮੰਗ ਦੀ ਪੂਰਤੀ ਲਈ ਵਿੱਢੇ ਮੋਰਚੇ ਦਰਮਿਆਨ ਅਜਿਹੇ ਸਰਕਾਰੀ ਵਰਤਾਉ ਨੂੰ ਹੱਡੀਂ ਹੰਢਾ ਚੁੱਕੇ ਸਨ, ਨੇ ਇਸ ਅਮਾਨਵੀ ਕ੍ਰਿਆ ਨੂੰ ਸਿਦਕਦਿਲੀ ਅਤੇ ਸਬਰ ਨਾਲ ਆਪਣੇ ਪਿੰਡੇ ਉੱਤੇ ਹੰਢਾਇਆ।

ਗੱਲ ਇਕ ਸਦੀ ਪਹਿਲਾਂ ਸਾਲ 1922 ਦੀ ਹੈ। ਗੁਰਦੁਆਰਿਆਂ ਦੀ ਜਾਇਦਾਦ ਉੱਤੇ ਸੱਪ-ਕੁੰਡਲੀ ਮਾਰੀ ਬੈਠੇ ਅਤੇ ਇਸ ਜਾਇਦਾਦ ਤੋਂ ਹੋਣ ਵਾਲੀ ਆਮਦਨ ਨੂੰ ਸਿੱਖ ਧਰਮ ਦੇ ਪ੍ਰਚਾਰ ਪ੍ਰਸਾਰ ਵਾਸਤੇ ਵਰਤਨ ਦੀ ਥਾਂ ਨਿੱਜੀ ਐਸ਼ੋ-ਇਸ਼ਰਤ ਉੱਤੇ ਲੁਟਾ ਰਹੇ ਮਹੰਤਾਂ ਅਤੇ ਪੁਜਾਰੀਆਂ ਨੂੰ ਰਾਹਿ-ਰਾਸਤ ਉੱਤੇ ਲਿਆਉਣ ਲਈ ਅਕਾਲੀ ਲਹਿਰ ਦੀ ਹਵਾ ਰੁਮਕਨ ਲੱਗ ਪਈ ਸੀ। 20 ਫਰਵਰੀ 1921 ਨੂੰ ਸੈਂਕੜੇ ਸਿੱਖਾਂ ਦੀ ਕੁਰਬਾਨੀ ਦੇ ਫਲਸਰੂਪ ਗੁਰਦਆਰਾ ਜਨਮ ਅਸਥਾਨ ਸ੍ਰੀ ਗੁਰੂ ਨਾਨਕ ਦੇਵ ਜੀ, ਨਨਕਾਣਾ ਸਾਹਿਬ, ਦਾ ਪ੍ਰਬੰਧ ਸਿੱਖ ਸੰਗਤ ਦੀ ਪ੍ਰਤੀਨਿਧ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੱਥ ਆ ਚੁੱਕਾ ਸੀ, ਜਿਸ ਨੂੰ ਵੇਖਦਿਆਂ ਹੋਰ ਮਹੰਤਾਂ ਨੇ ਆਪਣੇ ਕਬਜ਼ੇ ਹੇਠਲੇ ਗੁਰਦੁਆਰਿਆਂ ਦਾ ਪ੍ਰਬੰਧ ਸਮਝੌਤੇ ਰਾਹੀਂ ਸ਼੍ਰੋਮਣੀ ਕਮੇਟੀ ਨੂੰ ਸੌਂਪਣਾ ਸ਼ੁਰੂ ਕੀਤਾ। ਸੈਂਸਰਾ ਅਤੇ ਘੁੱਕੇਵਾਲੀ ਪਿੰਡਾਂ ਦੇ ਦਰਮਿਆਨ ਗੁਰੂ ਕਾ ਬਾਗ ਨਾਂ ਨਾਲ ਜਾਣੇ ਜਾਂਦੇ ਸਥਾਨ, ਜਿੱਥੇ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ ਗੁਰਦੁਆਰੇ ਸ਼ਸ਼ੋਭਿਤ ਸਨ, ਦਾ ਮਹੰਤ ਸੁੰਦਰ ਦਾਸ ਅਜਿਹਾ ਕਰਨ ਵਾਲਿਆਂ ਵਿਚੋਂ ਇੱਕ ਸੀ। ਗੁਰਦੁਆਰੇ ਦਾ ਪ੍ਰਬੰਧ ਸਿੱਖ ਸੰਗਤ ਦੇ ਹੱਥ ਆਉਣ ਪਿੱਛੋਂ ਇੱਥੇ ਮੱਸਿਆ ਅਤੇ ਪੂਰਨਮਾਸ਼ੀ ਵਾਲੇ ਦਿਨ ਜੋੜਮੇਲੇ ਕੀਤੇ ਜਾਣ ਲੱਗੇ, ਹਜ਼ਾਰਾਂ ਦੀ ਗਿਣਤੀ ਵਿਚ ਸੰਗਤ ਹਾਜ਼ਰੀ ਭਰਦੀ ਅਤੇ ਸੰਗਤ ਲਈ ਲੰਗਰ ਤਿਆਰ ਕਰਨ ਵਾਸਤੇ ਬਾਲਣ ਗੁਰਦੁਆਰੇ ਦੀ ਜ਼ਮੀਨ ਵਿਚ ਖੜ੍ਹੀਆਂ ਸੁੱਕੀਆਂ ਕਿੱਕਰਾਂ ਨੂੰ

ਕੱਟ ਕੇ ਲਿਆਇਆ ਜਾਂਦਾ। ਪੰਜ ਛੇ ਮਹੀਨੇ ਇਉਂ ਹੀ ਚੱਲਦਾ ਰਿਹਾ। ਪਰ ਜਿਉਂ ਹੀ ਪੰਜਾਬ ਸਰਕਾਰ ਨੇ ਅਕਾਲੀ ਲਹਿਰ ਨੂੰ ਸਖਤੀ ਨਾਲ ਕੁਚਲਣਾ ਸ਼ੁਰੂ ਕੀਤਾ, ਮਹੰਤ ਸੁੰਦਰ ਦਾਸ ਸਮਝੌਤੇ ਤੋਂ ਮੁਕਰ ਗਿਆ ਅਤੇ 8 ਅਗਸਤ ਨੂੰ ਗੁਰੂਦਆਰੇ ਦੇ ਲੰਗਰ ਵਿਚ ਬਾਲਣ ਦੀ ਲੋੜ ਪੂਰੀ ਕਰਨ ਵਾਸਤੇ ਕਿੱਕਰਾਂ ਕੱਟਣ ਗਏ ਪੰਜ ਸਿੰਘਾਂ ਖਿਲਾਫ਼ ਪੁਲਸ ਕੋਲ ਸ਼ਕਾਇਤ ਕਰ ਦਿੱਤੀ। ਸਰਕਾਰ ਨੇ ਸਿੱਖਾਂ ਨੂੰ ਨੀਵਾਂ ਵਿਖਾਉਣ ਦਾ ਹੱਥੀਂ ਆਇਆ ਅਵਸਰ ਸਮਝਦਿਆਂ ਇਹਨਾਂ ਪੰਜਾਂ ਨੂੰ ਅਦਾਲਤ ਵਿਚ ਪੇਸ਼ ਕੀਤਾ ਜਿੱਥੇ ਇਹਨਾਂ ਨੂੰ ਕੈਦ ਅਤੇ ਜੁਰਮਾਨੇ ਦੀ ਸਜ਼ਾ ਸੁਣਾਈ ਗਈ। ਜਦ ਪੁਲਸ ਨੇ 22 ਅਗਸਤ, ਮੁਤਾਬਿਕ 7 ਭਾਦੋਂ, ਮੱਸਿਆ ਦੀ ਸੰਗਰਾਂਦ, ਦਿਨ ਮੰਗਲਵਾਰ ਨੂੰ ਮੁੜ ਕਿੱਕਰਾਂ ਦਾ ਬਾਲਣ ਕੱਟਣ ਗਏ ਸਿੰਘਾਂ ਨੂੰ ਗ੍ਰਿਫ਼ਤਾਰ ਕੀਤਾ ਤਾਂ ਸ਼੍ਰੋਮਣੀ ਕਮੇਟੀ ਨੇ ਗੁਰਦੁਆਰੇ ਦੀ ਜਾਇਦਾਦ ਉੱਤੇ ਆਪਣਾ ਅਧਿਕਾਰ ਬਹਾਲ ਕਰਨ ਵਾਸਤੇ ਮੋਰਚਾ ਸ਼ੁਰੂ ਕਰ ਦਿੱਤਾ। ਮੋਰਚੇ ਨੂੰ ਸੱਤਿਆਗ੍ਰਹਿ ਦੇ ਰੂਪ ਵਿਚ ਸ਼ਾਂਤਮਈ ਰੱਖਣ ਦਾ ਫੈਸਲਾ ਹੋਇਆ।

ਇੱਥੋਂ ਸ਼ਾਂਤਮਈ ਸਿੱਖ ਸੱਤਿਆਗ੍ਰਹੀਆਂ ਉੱਪਰ ਸਰਕਾਰ ਦੇ ਅਮਾਨਵੀ ਅੱਤਿਆਚਾਰ ਦਾ ਅਰੰਭ ਹੋਇਆ। ਗਾਂਧੀ ਜੀ ਨੇ ਸੱਤਿਆਗ੍ਰਹਿ ਦੇ ਲੱਛਣ ਬਿਆਨਦਿਆਂ ਕਿਹਾ ਸੀ ਕਿ ਸੱਤਿਆਗ੍ਰਹੀ ਵੱਲੋਂ "ਵੈਰੀ ਨੂੰ ਤਕਲੀਫ਼ ਦੇ ਕੇ ਨਹੀਂ ਸਗੋਂ ਆਪਣੇ ਆਪ ਉੱਤੇ ਤਕਲੀਫ਼ ਝੱਲ ਕੇ ਸਚਾਈ ਦੀ ਪੁਸ਼ਟੀ ਕੀਤੀ ਜਾਵੇ। ਸੱਤਿਆਗ੍ਰਹਿ ਜ਼ੋਰਾਵਰ ਆਦਮੀ ਦਾ ਹਥਿਆਰ ਹੈ ਅਤੇ ਕਿਸੇ ਸ਼ਕਲ ਜਾਂ ਕਿਸੇ ਰੰਗ ਵਿਚ ਵੀ ਸਖਤੀ ਦੀ ਵਰਤੋਂ ਦਾ ਇਸ ਵਿਚ ਦਖਲ ਨਹੀਂ ਹੈ।" ਗਾਂਧੀ ਜੀ ਨੇ ਇਹ ਵੀ ਕਿਹਾ ਸੀ ਕਿ "ਸੱਤਿਆਗ੍ਰਹੀ ਨਹੀਂ ਜਾਣਦਾ ਕਿ ਹਾਰ ਕੀ ਚੀਜ਼ ਹੈ, ਕਿਉਂਕਿ ਉਹ ਬਿਨਾਂ ਥਕਾਵਟ ਦੇ ਸਚਾਈ ਲਈ ਲੜਦਾ ਹੈ। ਇਸ ਲੜਾਈ ਵਿਚ ਮੌਤ ਮੁਕਤੀ ਹੈ ਤੇ ਕੈਦਖਾਨਾ ਆਜ਼ਾਦੀ ਦਾ ਦਰਵਾਜ਼ਾ ਹੈ।" ਅਕਾਲੀ ਸੱਤਿਆਗ੍ਰਹੀਆਂ ਨੇ ਗਾਂਧੀ ਜੀ ਦੇ ਇਹ ਵਿਚਾਰ ਪੜ੍ਹੇ ਸੁਣੇ ਹੋਣ, ਇਸ ਦੀ ਸੰਭਾਵਨਾ ਨਹੀਂ ਜਾਪਦੀ ਪਰ ਉਹਨਾਂ ਪੁਲਿਸ ਦੇ ਜ਼ੋਰ ਜਬਰ ਨੂੰ ਬਿਨਾਂ ਕਿਸੇ ਸ਼ਿਕਾਇਤ ਦੇ ਆਪਣੇ ਸਰੀਰਾਂ ਉੱਤੇ ਝੱਲਦਿਆਂ ਇਹ ਸਿੱਧ ਕਰ ਦਿੱਤਾ ਕਿ ਉਹਨਾਂ ਦਾ ਅਮਲੀ ਪੈਂਤੜਾ ਗਾਂਧੀ ਜੀ ਦੇ ਇਹਨਾਂ ਵਿਚਾਰਾਂ ਦੇ ਅਨੁਰੂਪ ਸੀ।

ਪੁਲਸ ਨੇ ਗੁਰਦੁਆਰਾ ਇਮਾਰਤ ਅਤੇ ਕਿੱਕਰਾਂ ਦਰਮਿਆਨ ਕੰਡਿਆਲੀ ਤਾਰ ਦੀ ਵਲਗਣ ਮਾਰ ਦਿੱਤੀ, (ਜਿਵੇਂ ਹੁਣ ਅਜੋਕੀ ਮਸ਼ੀਨਰੀ ਦੀ ਮਦਦ ਨਾਲ ਬੈਰੀਕੇਡ ਲਾ ਕੇ ਕਿਸਾਨਾਂ ਦੇ ਰੈਣ ਬਸੇਰੇ ਘੇਰੇ ਗਏ ਸਨ/ਹਨ) ਕਿੱਕਰਾਂ ਵੱਲ ਜਾਣ ਵਾਸਤੇ ਵਲਗਣ ਵਿਚ ਇਕ ਛੋਟਾ ਜਿਹਾ ਰਾਹ ਰੱਖਿਆ। ਦਫ਼ਾ 144 ਲਾਈ ਹੋਣ ਕਾਰਨ ਸਿੱਖ ਚਾਰ ਚਾਰ ਦੀ ਗਿਣਤੀ ਵਿਚ ਜਥਾ ਬਣਾ ਕੇ ਕਿੱਕਰਾਂ ਵੱਲ ਜਾਣ ਵਾਸਤੇ ਇਸ ਰਾਹ ਕੋਲ ਪੁੱਜਦੇ ਤਾਂ ਪੁਲਸ ਆਪਣੀਆਂ ਡਾਂਗਾਂ ਨਾਲ ਉਹਨਾਂ ਦੀ ਖੂਬ ਤੌਣੀ ਲੌਂਦੀ ਅਤੇ ਡਾਂਗਾਂ ਦਾ ਮੀਂਹ ਵਰ੍ਹਨਾ ਉਦੋਂ ਬੰਦ ਹੁੰਦਾ ਜਦ ਡਾਂਗਾਂ ਦੀ ਮਾਰ ਕਾਰਨ ਸੱਤਿਆਗ੍ਰਹੀ ਸਿੱਖ ਬੇਹੋਸ਼ ਹੋ ਕੇ ਧਰਤੀ ਉੱਤੇ ਡਿੱਗ ਨਾ ਪੈਂਦੇ। ਬੱਸ ਇੱਥੇ ਹੀ ਨਹੀਂ ਸੀ ਹੁੰਦੀ, ਬੇਹੋਸ਼ ਸਿੱਖਾਂ ਦੇ ਗੁਪਤ ਅੰਗਾਂ ਨੂੰ ਠੁੱਡੇ ਮਾਰੇ ਜਾਂਦੇ। ਸੱਤਿਆਗ੍ਰਹੀ ਸਿੰਘਾਂ ਨੂੰ ਪੀੜਿਤ ਕਰਨ ਲਈ ਡਾਂਗਬਾਜ਼ੀ ਤੋਂ ਬਿਨਾਂ ਦੋ ਹੋਰ ਢੰਗ ਵੀ ਵਰਤੇ ਗਏ। ਸਿਪਾਹੀਆਂ ਦੇ ਹੱਥ ਵਿਚਲੀ ਪੰਜ ਫੁਟ ਲੰਮੀ ਡਾਂਗ ਦੇ ਦੋਹੀਂ ਪਾਸੀਂ ਲਗਭਗ ਅੱਧਾ ਅੱਧਾ ਫੁਟ ਸੁੰਮ ਚੜ੍ਹੇ ਹੁੰਦੇ। ਸਿਪਾਹੀ ਇਸ ਡਾਂਗ ਨੂੰ ਧਰਤੀ ਉੱਤੇ ਟਿਕਾ ਕੇ ਉੱਪਰਲੇ ਸੁੰਮ ਨਾਲ ਸੱਤਿਆਗ੍ਰਹੀ ਦੇ ਸਿਰ, ਮੱਥੇ, ਅਖਾਂ, ਪੇਟ, ਛਾਤੀ ਜਾਂ ਸਰੀਰ ਦੇ ਕਿਸੇ ਵੀ ਹੋਰ ਉਪਰਲੇ ਅੰਗ ਉੱਤੇ ਟਕੋਰਾਂ ਲਾਉਂਦੇ ਜਾਂ ਡਾਂਗ ਨੂੰ ਥੋੜਾ ਉੱਪਰ ਉਠਾ ਕੇ ਹੇਠਲੇ ਸੁੰਮ ਨੂੰ ਪੈਰ, ਗੋਡੇ ਜਾਂ ਗੁਪਤ ਅੰਗ ਉੱਤੇ ਮਾਰਦੇ ਜਿਸ ਨਾਲ ਜ਼ਖਮ ਭਾਵੇਂ ਨਾ ਹੁੰਦਾ ਪਰ ਪੀੜ ਬੇਤਹਾਸ਼ਾ ਹੁੰਦੀ। ਇਕ ਦਿਨ ਪੁਲਸ ਨੇ ਸਿੱਖਾਂ ਨੂੰ ਕਿੱਕਰਾਂ ਵੱਲ ਜਾਣ ਤੋਂ ਰੋਕਣ ਦਾ ਨਵਾਂ ਤਰੀਕਾ ਈਜਾਦ ਕੀਤਾ। ਛੋਟੇ ਰਾਹ ਦੇ ਦੋਵੀਂ ਪਾਸੀਂ ਖੜ੍ਹੇ ਪੁਲਸੀਆਂ ਨੇ ਹੱਥਾਂ ਵਿਚ ਇਕ ਡਾਂਗ ਫੜ ਲਈ ਅਤੇ ਜਦ ਕੋਈ ਸਿੱਖ ਕੋਡਾ ਹੋ ਕੇ ਡਾਂਗ ਦੇ ਹੇਠ ਦੀ ਲੰਘ ਕੇ ਅੱਗੇ ਜਾਣ ਦੀ ਕੋਸ਼ਿਸ਼ ਕਰਦਾ, ਪੁਲਸ ਕਰਮੀ ਡਾਂਗ ਸਿੱਖ ਦੀ ਗਰਦਨ ਉੱਤੇ ਰੱਖ ਕੇ ਹੇਠਾਂ ਨੂੰ ਦਬਾਉਣਾ ਸ਼ੁਰੂ ਕਰ ਦਿੰਦੇ ਅਤੇ ਉਦੋਂ ਛੱਡਦੇ ਜਦ ਡਾਂਗ ਦੇ ਦੋਵੇਂ ਸਿਰੇ ਧਰਤੀ ਨੂੰ ਛੋਹਣ ਲੱਗਦੇ ਅਤੇ ਡਿੱਗੇ ਪਏ ਸਿੱਖ ਨੂੰ ਸਾਹ ਆਉਣਾ ਮੁਸ਼ਕਲ ਹੋ ਜਾਂਦਾ।

ਗੁਰੂ ਕਾ ਬਾਗ ਵਿਚ ਇਹ ਪੁਲਸੀ ਤਸ਼ੱਦਦ ਭਾਵੇਂ ਲਗਭਗ ਮੋਰਚੇ ਦੇ ਸਾਰੇ ਦਿਨੀਂ ਹੀ ਚੱਲਦਾ ਰਿਹਾ ਪਰ 30 ਅਗਸਤ ਤੋਂ ਹੋਰ ਸਥਾਨ ਸਰਕਾਰੀ ਜਬਰ ਦੇ ਕੇਂਦਰ ਬਣ ਗਏ। ਪੁਲਸ ਨੇ ਗੁਰਦੁਆਰਾ ਗੁਰੂ ਕਾ ਬਾਗ ਜਾਣ ਵਾਲੇ ਸਾਰੇ ਰਾਹ ਰੋਕ ਰੱਖੇ ਸਨ ਅਤੇ ਗੁਰਦੁਆਰੇ ਵੱਲ ਜਾਣ ਵਾਲੇ ਇਕੱਲੇ ਇਕਹਿਰੇ ਸਿੱਖ ਨੂੰ ਗ੍ਰਿਫ਼ਤਾਰ ਕਰ ਲੈਂਦੀ ਸੀ। ਪੁਲਸ ਦੀ ਯੋਜਨਾ ਇਹ ਸੀ ਕਿ ਸੱਤਿਆਗ੍ਰਹਿ ਕਰਨ ਵਾਸਤੇ ਕੋਈ ਸਿੱਖ ਗੁਰਦੁਆਰੇ ਵਿਚ ਨਾ ਪੁੱਜ ਸਕੇ ਅਤੇ ਵਲੰਟੀਅਰਾਂ ਦੀ ਘਾਟ ਕਾਰਨ ਮੋਰਚਾ ਦਮ ਤੋੜ ਜਾਵੇ। ਪੁਲਸ ਦੀ ਇਸ ਨੀਤੀ ਨੂੰ ਅਸਫ਼ਲ ਕਰਨ ਵਾਸਤੇ ਅਕਾਲੀਆਂ ਨੇ ਗੁਰੂ ਕਾ ਬਾਗ ਜਾਣ ਵਾਸਤੇ ਸ੍ਰੀ ਅਕਾਲ

ਤਖਤ ਸਾਹਿਬ, ਅੰਮ੍ਰਿਤਸਰ, ਤੋਂ ਸੌ-ਸੌ ਸਿੰਘਾਂ ਉੱਤੇ ਆਧਾਰਤ ਵੱਡੇ ਜਥੇ ਭੇਜਣੇ ਸ਼ੁਰੂ ਕੀਤੇ। ਜਥਾ ਰਵਾਨਗੀ ਤੋਂ ਪਹਿਲਾਂ ਸ੍ਰੀ ਅਕਾਲ ਤਖਤ ਸਾਹਿਬ ਸਾਹਮਣੇ ਇਕੱਤਰ ਹੋ ਕੇ ਸ਼ਾਂਤਮਈ ਰਹਿਣ ਦਾ ਪ੍ਰਣ ਕਰਦਾ। ਪਹਿਲੇ ਦੋ ਜਥੇ ਤਾਂ ਗੁਰੂ ਕਾ ਬਾਗ ਪੁੱਜ ਕੇ ਨਿਤਾਪ੍ਰਤੀ ਹੋ ਰਹੀਆਂ ਗ੍ਰਿਫ਼ਤਾਰੀਆਂ ਵਿਚ ਸ਼ਰੀਕ ਹੋ ਗਏ ਪਰ ਫਿਰ ਪੁਲਸ ਨੇ ਗੁਰਦੁਆਰਾ ਗੁਰੂ ਕਾ ਬਾਗ ਜਾਣ ਵਾਲੇ ਜਥੇ ਨੂੰ ਪਹਿਲਾਂ ਅੰਮ੍ਰਿਤਸਰ ਸ਼ਹਿਰ ਤੋਂ ਬਾਹਰ ਗੁਮਟਾਲੇ ਵੱਲ ਨਿਕਾਸੂ ਨਹਿਰ ਦੇ ਪੁਲ ਉੱਤੇ, ਫਿਰ ਰਾਜਾ ਸਾਂਸੀ ਦੇ ਨੇੜੇ ਅਤੇ ਫਿਰ ਛੀਨਿਆਂ ਵਾਲੇ ਨਹਿਰੀ ਪੁਲ ਉੱਤੇ ਰੋਕਣਾ ਸ਼ੁਰੂ ਕੀਤਾ। ਪੁਲਸ ਵੱਲੋਂ ਰੋਕੇ ਜਾਣ ਉੱਤੇ ਜਥਾ ਧਰਤੀ ਉੱਤੇ ਬੈਠ ਕੇ ਸ਼ਬਦ ਗਾਇਨ ਕਰਨ ਲੱਗਦਾ ਤਾਂ ਪੁਲਸ ਚਿੜ੍ਹ ਕੇ ਡਾਂਗਾਂ ਨਾਲ ਮਾਰ ਕੁਟਾਈ ਕਰਨ ਲੱਗਦੀ। ਜ਼ਖਮੀ ਅਤੇ ਬੇਹੋਸ਼ ਸਿੰਘਾਂ ਨੂੰ ਵਾਲਾਂ ਤੋਂ ਧੂਹ ਘੜੀਸ ਕੇ ਸੜਕ ਦੇ ਨਾਲ ਬਣੇ ਪਾਣੀ ਦੇ ਭਰੇ ਖਤਾਨਾਂ ਵਿਚ ਸੁੱਟ ਦਿੱਤਾ ਜਾਂਦਾ। ਹੋਸ਼ ਵਿੱਚ ਆਉਣ ਵਾਲਾ ਕੋਈ ਸਿੰਘ ਉੱਠਣ ਦੀ ਕੋਸ਼ਿਸ ਕਰਦਾ ਤਾਂ ਉਸ ਉੱਤੇ ਮੁੜ ਡਾਂਗ ਵਰ੍ਹਦੀ। ਮਾਰ ਕੁਟਾਈ ਕਰਨ ਸਮੇਂ ਪੁਲਸ ਦਾ ਜੋਸ਼ ਬਣਾਈ ਰੱਖਣ ਵਾਸਤੇ ਢੋਲ ਵਜਾਇਆ ਜਾਂਦਾ। ਜ਼ਖਮੀ ਸਿੰਘਾਂ ਉੱਤੇ ਘੋੜੇ ਚੜ੍ਹਾਏ ਜਾਂਦੇ ਅਤੇ ਇਕ ਵਾਰ ਤਾਂ ਸ਼ਿਕਾਰੀ ਕੁੱਤਾ ਵੀ ਛੱਡਿਆ ਗਿਆ। ਪੰਜਾਬ ਸਰਕਾਰ ਨੇ ਲਗਭਗ ਤਿੰਨ ਮਹੀਨੇ ਤੱਕ ਅਜਿਹੇ ਪਸ਼ੂਪੁਣੇ ਦੇ ਮੁਕਾਬਲੇ ਸਿੰਘਾਂ ਦੇ ਸਬਰ ਅਤੇ ਸਿਦਕ ਦਾ ਇਮਤਿਹਾਨ ਲੈਣ ਪਿੱਛੋਂ ਵਿਵਾਦੀ ਜ਼ਮੀਨ ਦੇ ਨਵੇਂ ਖੜ੍ਹੇ ਕੀਤੇ ਮਾਲਕ ਸਰ ਗੰਗਾ ਰਾਮ ਦੇ ਬਿਆਨ ਨੂੰ ਆਧਾਰ ਬਣਾ ਕੇ ਕਿੱਕਰਾਂ ਵਾਲੀ ਜ਼ਮੀਨ ਉੱਤੇ ਸਿੰਘਾਂ ਦੇ ਅਧਿਕਾਰ ਨੂੰ ਮੰਨ ਲਿਆ ਅਤੇ ਸਾਰੀਆਂ ਪੁਲਸੀ ਰੋਕਾਂ ਚੁੱਕ ਲਈਆਂ। ਇਉਂ ਅਕਾਲੀਆਂ ਦੀ ਜਿੱਤ ਦੇ ਰੂਪ ਵਿਚ ਇਹ ਮੋਰਚਾ 18 ਨਵੰਬਰ 1922 ਨੂੰ ਖਤਮ ਹੋਇਆ। ਇਸ ਮੋਰਚੇ ਦੇ ਧੁਰੇ ਪੇਂਡੂ ਸਿੱਖਾਂ ਵੱਲੋਂ ਬੇਤਹਾਸ਼ਾ ਸਖਤੀ ਨੂੰ ਸਹਿਣ ਕਰਨ ਪਿੱਛੇ ਉਸ ਸਮੇਂ ਦੇ ਇਕ ਪੁਲਸ ਅਫ਼ਸਰ ਮਿਸਟਰ ਡੀ. ਪੈਟਰੀ ਨੇ ਉਹਨਾਂ ਦੀ ਨਰੋਈ ਡੀਲ ਡੌਲ ਅਤੇ ਕੌਮੀ ਇਤਿਹਾਸ ਵਿਚਲੇ ਲੜਾਕੂ ਲੱਛਣਾਂ ਨੂੰ ਸਲਾਮਤ ਰੱਖਣਾ ਦੱਸਿਆ ਸੀ। ਵਰਤਮਾਨ ਕਿਸਾਨੀ ਅੰਦੋਲਨ ਦੀ ਪਹਿਲ-ਕਦਮੀ ਵੀ ਇਹਨਾਂ ਕਿਸਾਨਾਂ ਨੇ ਕੀਤੀ ਹੈ।

ਗੁਰੂ ਕਾ ਬਾਗ ਦੇ ਮੋਰਚੇ ਅਤੇ ਵਰਤਮਾਨ ਸੰਘਰਸ਼ ਵਿਚ ਅੰਤਰ ਏਨਾ ਕੁ ਹੈ ਕਿ ਸਰਕਾਰਾਂ ਨੇ ਪਿਛਲੀ ਇਕ ਸਦੀ ਦੌਰਾਨ ਅੰਦੋਲਨਾਂ ਨਾਲ ਸਿੱਝਣ ਵਾਸਤੇ ਹੋਰ ਮੁਹਾਰਤ ਪ੍ਰਾਪਤ ਕਰ ਲਈ ਹੈ ਜਿਸ ਦੇ ਨਤੀਜੇ ਵਜੋਂ ਵਰਤਮਾਨ ਕਿਸਾਨੀ ਅੰਦੋਲਨ ਵਿਚ ਅੰਦੋਲਨਕਾਰੀਆਂ ਨੂੰ ਜਬਰ ਦਾ ਸਾਹਮਣਾ ਤਾਂ ਕਰਨਾ ਹੀ ਪਿਆ, ਨਾਲ ਦੀ ਨਾਲ ਉਹਨਾਂ ਨੂੰ ਮਾਨਸਿਕ ਪੱਖੋਂ ਪੀੜਿਤ ਕਰ ਕੇ ਮੈਦਾਨ ਛੱਡਣ ਵਾਸਤੇ ਮਜ਼ਬੂਰ ਕਰਨ ਵਿਚ ਵੀ ਕੋਈ ਕਸਰ ਨਹੀਂ ਛੱਡੀ ਗਈ। ਉਹਨਾਂ ਨੂੰ ਬਦਨਾਮ ਕਰਨ ਲਈ ਕਿਹੜਾ ਵਿਸ਼ੇਸ਼ਣ ਹੈ ਜੋ ਉਹਨਾਂ ਲਈ ਨਹੀਂ ਵਰਤਿਆ ਗਿਆ। ਉਦੋਂ ਅਕਾਲੀ ਸੱਤਿਆਗ੍ਰਹੀਆਂ ਨੂੰ ਧਾਰਮਿਕ ਖੇਤਰ ਵਿਚ ਸੱਚ ਦਾ ਪੱਲਾ ਫੜ ਕੇ ਜੂਝਦਿਆਂ ਮੰਨ ਕੇ ਅਤੇ ਉਹਨਾਂ ਦੀ ਕੁਰਬਾਨੀ ਬਾਰੇ ਪੜ੍ਹ ਸੁਣ ਕੇ ਹਿੰਦੂ ਅਤੇ ਮੁਸਲਮਾਨ ਉਹਨਾਂ ਦੀ ਹਮਦਰਦੀ ਵਿਚ ਅੱਗੇ ਆਏ ਸਨ, ਪੰਡਤ ਮਦਨ ਮੋਹਨ ਮਾਲਵੀਆ ਜੀ, ਪਾਦਰੀ ਸੀ. ਐੱਫ. ਐਂਡਰੀਉਜ਼ ਅਤੇ ਹੋਰ ਵਿਸ਼ੇਸ਼ ਵਿਅਕਤੀਆਂ ਨੇ ਉਹਨਾਂ ਦੀ ਪਿੱਠ ਥਾਪੜੀ ਸੀ। ਵਰਤਮਾਨ ਅੰਦੋਲਨ ਆਰਥਿਕਤਾ ਨਾਲ ਜੁੜਿਆ ਹੋਣ ਕਾਰਨ ਪੂਰੇ ਮੁਲਕ ਵਿਚੋਂ ਸਮਾਜ ਦਾ ਹਰ ਵਰਗ ਫਿਰਕੂ ਅਤੇ ਖੇਤਰੀ ਵੰਡ ਤੋਂ ਉੱਪਰ ਉੱਠ ਕੇ ਇਸ ਵਿਚ ਭਾਈਵਾਲ ਹੋਇਆ। ਬਿਜਲਈ ਸੰਚਾਰ ਸਾਧਨਾਂ ਅਤੇ ਨਵੀਂ ਤਕਨਾਲੋਜੀ ਸਦਕਾ ਇਸ ਅੰਦੋਲਨ ਦੀ ਗੱਲ ਸੰਸਾਰ ਭਰ ਵਿਚ ਫੈਲੀ। ਅੰਦੋਲਨ ਨੂੰ ਜਬਰ ਦਾ ਸ਼ਿਕਾਰ ਬਣਾਏ ਜਾਣ ਲਈ ਸਰਕਾਰ ਨੇ ਬਹਾਨੇ ਲੱਭੇ ਪਰ ਹਾਕਮ ਧਿਰ ਦੀਆਂ ਕੁਨੀਤੀਆਂ ਦੇ ਬਾਵਜੂਦ ਸੰਘਰਸ਼ ਵਿਚ ਸ਼ਾਮਲ ਲੋਕ ਸਰਕਾਰ ਨੂੰ ਤਸ਼ੱਦਦ ਕਰਨ ਦਾ ਬਹਾਨਾ ਨਾ ਦੇਣ ਲਈ ਪ੍ਰਤੀਬੱਧ ਰਹੇ। ਲਖੀਮਪੁਰ ਖੀਰੀ ਦੀ ਨਿੰਦਣਈ ਘਟਨਾ ਅਤੇ ਹਰਿਆਣੇ ਦੇ ਮੁੱਖ ਮੰਤਰੀ ਵੱਲੋਂ ਲੱਠਮਾਰਾਂ ਨੂੰ ਤਿਆਰ ਕਰਨ ਦੇ ਬਿਆਨ ਨੇ ਸਿੱਧ ਕਰ ਦਿੱਤਾ ਸੀ ਕਿ ਹੁਣ ਸਰਕਾਰ ਨੇ ਬਹਾਨੇ ਲੱਭਣ ਦੀ ਥਾਂ ਨੰਗੀ ਚਿੱਟੀ 'ਹਿਟਲਰਸ਼ਾਹੀ' ਉੱਤੇ ਚੱਲ ਰਹੀ ਹੈ। ਗਾਂਧੀ ਜੀ ਨੇ ਰੌਲਟ ਐਕਟ ਦਾ ਵਿਰੋਧ ਕਰਨ ਵਾਲੇ ਸੱਤਿਆਗ੍ਰਹੀਆਂ ਨੂੰ ਸੰਬੋਧਿਤ ਕਰਦਿਆਂ ਕਿਹਾ ਸੀ, "ਜਦ ਤੁਸੀਂ ਕਾਨੂੰਨ ਬਣਾਉਣ ਵਾਲੇ ਨੂੰ ਬੇਨਤੀਆਂ ਦੁਵਾਰਾ ਉਸ ਦੀ ਭੁੱਲ ਨ ਮੰਨਵਾ ਸਕੋ ਤੇ ਨਾਲ ਹੀ ਤੁਹਾਡਾ ਦਿਲ ਇਸ ਕਾਨੂੰਨ ਨੂੰ ਮੰਨਣ ਲਈ ਨਹੀਂ ਕਰਦਾ, ਤਦ ਤੁਹਾਡੇ ਲਈ ਇਕ ਹੀ ਰਾਹ ਖੁਲ੍ਹਾ ਹੈ ਕਿ ਆਪ ਜ਼ਾਤੀ ਤੌਰ ਤੇ ਤਕਲੀਫ਼ਾਂ ਝੱਲ ਕੇ ਕਾਨੂੰਨ ਬਣਾਉਣ ਵਾਲੇ ਨੂੰ ਇਸ ਗੱਲ ਤੇ ਮਜਬੂਰ ਕਰ ਦਿਉ ਕਿ ਉਹ ਆਪਣੇ ਕੀਤੇ ਉੱਤੇ ਦੂਸਰੀ ਵੇਰ ਵਿਚਾਰ ਕਰੇ।" ਕਿਸਾਨ ਅੰਦੋਲਨਕਾਰੀ ਬਜ਼ੁਰਗਾਂ, ਮਾਤਾਵਾਂ ਅਤੇ ਬਾਲਾਂ ਨੇ ਮੌਸਮੀ ਕਰੋਪੀ ਅਤੇ ਹਕੂਮਤੀ ਤਸ਼ੱਦਦ ਨੂੰ ਆਪਣੇ ਉੱਤੇ ਝੱਲ ਕੇ ਇਉਂ ਹੀ ਕੀਤਾ। ਗਾਂਧੀ ਜੀ ਨੇ ਉਪਰੋਕਤ ਸ਼ਬਦ ਵਿਦੇਸ਼ੀ ਗੁਲਾਮੀ ਦੇ ਯੁੱਗ ਵਿਚ ਕਹੇ ਸਨ ਪਰ ਜਾਪਦਾ ਹੈ ਕਿ ਉਹ ਆਜ਼ਾਦ ਭਾਰਤ ਵਿਚ ਵੀ ਅਜਿਹਾ ਵਾਪਰਨ ਦੀ ਸੰਭਾਵਨਾ ਦੇਖਦੇ

**ਬਾਕੀ ਸਫ਼ਾ ਨੰ 17 'ਤੇ**

# ਵਾਹੁ ਵਾਹੁ
# ਪੂਰੇ ਗੁਰ ਕੀ ਬਾਣੀ



**ਜਗਦੀਸ਼ ਸਿੰਘ ਵਰਿਆਮ**

ਕੋਈ ਵੀ ਵਿਅਕਤੀ ਜਦ ਆਪਣੇ ਵਿਚਾਰਾਂ, ਅਨੁਭਵਾਂ ਨੂੰ ਵਿਅਕਤ ਕਰਦਾ ਹੈ ਤਾਂ ਉਹ ਸ਼ਬਦਾਂ ਦਾ ਸਹਾਰਾ ਲੈਂਦਾ ਹੈ। ਵਿਚਾਰ ਜਦ ਸ਼ਬਦਾਂ ਦਾ ਜਾਮਾ ਪਹਿਣ ਲੈਂਦੇ ਹਨ ਤਾਂ ਇਹ ਵਾਕ, ਵਾਣੀ ਜਾਂ ਬਾਣੀ ਕਹਾਉਂਦੇ ਹਨ। ਬੋਲੇ ਗਏ ਸਾਰੇ ਸ਼ਬਦ ਬਾਣੀ ਹੀ ਹਨ। ਸਾਡੇ ਗੁਰੂ ਪੁਰਖਿਆਂ ਨੇ ਅੱਗੋਂ ਵਰਗੀਕਰਨ ਕਰਦਿਆਂ ਆਮ ਲੋਕਾਂ ਦੀ ਬਾਣੀ ਨੂੰ ਕੱਚੀ ਬਾਣੀ ਆਖਿਆ ਹੈ ਅਤੇ ਸਤਿਗੁਰੂ ਦੀ ਉਚਾਰੀ ਬਾਣੀ ਨੂੰ ਗੁਰਬਾਣੀ, ਧੁਰ ਕੀ ਬਾਣੀ, ਸੱਚੀ ਬਾਣੀ ਅਤੇ ਅੰਮ੍ਰਿਤ ਬਾਣੀ ਆਦਿਕ ਸ਼ਬਦਾਂ ਨਾਲ ਸਲਾਹਿਆ ਹੈ।

ਇਹ ਗੁਰਬਾਣੀ, ਸਤਿਗੁਰੂ, ਗੁਰਦੁਆਰਾ ਜਾਂ ਸਾਧ ਸੰਗਤ ਕੇਵਲ ਪਿਛਲੇ ਪੰਜ ਸੌ ਸਾਲਾਂ ਦੀਆਂ ਹੀ ਗੱਲਾਂ ਨਹੀਂ ਸਗੋਂ ਆਦਿ ਕਾਲ ਤੋਂ ਹੀ ਜਦੋਂ ਤੋਂ ਮਨੁੱਖੀ ਗਿਆਨ ਦਾ ਆਰੰਭ ਹੋਇਆ ਇਹ ਪ੍ਰਗਟ ਸਨ। ਭਾਈ ਗੁਰਦਾਸ ਜੀ ਦੀ ਬਾਣੀ ਇਸ ਗੱਲ ਦੀ ਪ੍ਰੋੜ੍ਹਤਾ ਕਰਦੀ ਹੈ-

ਸੁਖੁ ਰਾਜੇ ਹਰੀ ਚੰਦ ਘਰਿ ਨਾਰਿ ਸੁ ਤਾਰਾ ਲੋਚਨ ਰਾਣੀ
ਸਾਧ ਸੰਗਤਿ ਮਿਲਿ ਗਾਵਦੇ ਰਾਤੀ ਜਾਇ ਸੁਣੈ ਗੁਰਬਾਣੀ

.......................................

ਵਾਟੈ ਮਾਣਸ ਮਾਰਦਾ ਬੈਠਾ ਬਾਲਮੀਕ ਬਟਵਾੜਾ॥
ਪੂਰਾ ਸਤਿਗੁਰੁ ਭੇਟਿਆ ਮਨ ਵਿਚਿ ਹੋਆ ਖਿੰਜੋਤਾੜਾ॥

.............................................

ਪਤਿਤ ਅਜਾਮਲ ਪਾਪ ਕਰ ਜਾਇ ਕਲਾਵਤਣੀ ਦੇ ਰਹਿਆ॥
ਗੁਰ ਤੇ ਬੇਮੁਖੁ ਹੋਇ ਕੈ ਪਾਪ ਕਮਾਵੈ ਦੁਰਮਤਿ ਦਹਿਆ॥
ਬਿਰਥਾ ਜਨਮੁ ਗਵਾਇਅਨੁ ਭਵਜਲ ਅੰਦਰਿ ਫਿਰਦਾ ਵਹਿਆ॥
ਛਿਅ ਪੁਤ ਜਾਏ ਵੇਸੁਆ ਪਾਪਾਂ ਦੇ ਫਲ ਇਛੇ ਲਹਿਆ॥
ਪੁਤ੍ਰ ਉਪੰਨਾ ਸਤਵਾਂ ਨਾਉ ਧਰਣ ਨੋ ਚਿਤਿ ਉਮਹਿਆ॥
ਗੁਰੂ ਦੁਆਰੈ ਜਾਇ ਕੈ ਗੁਰਮੁਖਿ ਨਾਉ ਨਰਾਇਣੁ ਕਹਿਆ॥

ਸੁੰਨ ਸਮਾਧੀ ਦੇ ਬੇਅੰਤ ਕਾਲ ਬਾਅਦ ਈਸ਼ਵਰ ਸਰਗੁਣ ਸਰੂਪ ਵਿੱਚ ਪ੍ਰਗਟ ਹੋਇਆ ਤਾਂ ਉਹ ਸਤਿਗੁਰੂ ਦੇ ਰੂਪ ਵਿੱਚ ਹੀ ਦ੍ਰਿਸ਼ਟਮਾਨ ਹੋਇਆ। ਗੁਰੂ ਨਾਨਕ ਦੇਵ ਜੀ ਕਹਿੰਦੇ ਹਨ-

ਸਤਿਗੁਰ ਵਿਚਿ ਆਪੁ ਰਖਿਓਨੁ ਕਰਿ ਪਰਗਟੁ ਆਖਿ ਸੁਣਾਇਆ

ਆਸਾ ਦੀ ਵਾਰ

ਭੱਟ ਕਵੀ ਇਸ ਗੱਲ ਨੂੰ ਜ਼ਰਾ ਖੋਲ੍ਹ ਕੇ ਲਿਖ ਦਿੱਤੀ ਹੈ-

ਸਤਿਜੁਗਿ ਤੈ ਮਾਣਿਓ ਛਲਿਓ ਬਲਿ ਬਾਵਨ ਭਾਇਓ॥
ਤ੍ਰੇਤੈ ਤੈ ਮਾਣਿਓ ਰਾਮੁ ਰਘੁਵੰਸ ਕਹਾਇਓ॥
ਦੁਆਪੁਰਿ ਕ੍ਰਿਸਨ ਮੁਰਾਰਿ ਕੰਸੁ ਕਿਰਤਾਰਥੁ ਕੀਓ॥
ਉਗ੍ਰਸੈਣ ਕਉ ਰਾਜੁ ਅਭੈ ਭਗਤਹ ਜਨ ਦੀਓ॥

ਕਲਿਜੁਗਿ ਪ੍ਰਮਾਣੁ ਨਾਨਕ ਗੁਰੁ ਅੰਗਦ ਅਮਰੁ ਕਹਾਇਓ॥
ਸ੍ਰੀ ਗੁਰੂ ਰਾਜੁ ਅਬਿਚਲੁ ਅਟਲੁ ਆਦਿ ਪੁਰਖਿ ਫੁਰਮਾਇਓ॥

ਕਲਿਜੁਗ ਵਿੱਚ ਸਾਡੀ ਹੁਣ ਵਾਲੀ ਗੁਰੂ ਪ੍ਰੰਪਰਾ ਸਤਿਗੁਰੂ ਨਾਨਕ ਦੇਵ ਜੀ ਤੋਂ ਚਲਦੀ ਹੈ ਇਹ ਗੁਰੂ ਰਾਜ ਅਬਿਚਲ ਅਤੇ ਅਟੱਲ ਹੈ ਸਥਿਰ ਹੈ, ਸਦਾ ਹੀ ਚੱਲਦਾ ਰਹਿਣਾ ਹੈ।

ਚੌਥੇ ਪਾਤਸ਼ਾਹ ਗੁਰੂ ਰਾਮਦਾਸ ਜੀ ਦਾ ਵਾਕ ਇਸ ਤੱਥ ਨੂੰ ਹੋਰ ਵੀ ਮਜ਼ਬੂਤੀ ਨਾਲ ਪ੍ਰਮਾਣਿਤ ਕਰਦਾ ਹੈ-

ਹਰਿ ਜੁਗਹ ਜੁਗੋ ਜੁਗ ਜੁਗਹ ਜੁਗੋ ਸਦ ਪੀੜੀ ਗੁਰੂ ਚਲੰਦੀ॥

ਸ੍ਰਿਸ਼ਟੀ ਦੇ ਆਦਿ ਕਾਲ ਤੋਂ ਹੀ ਗੁਰੂਆਂ ਦੇ ਆਗਮਨ ਦਾ ਜ਼ਿਕਰ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਬਾਣੀ ਬਚਿੱਤਰ ਨਾਟਕ ਵਿੱਚ ਵੀ ਕੀਤਾ ਹੈ-

**ਚੌਪਈ**

ਪ੍ਰਿਥਮ ਕਾਲ ਜਬ ਕਰਾ ਪਸਾਰਾ। ਓਅੰਕਾਰ ਤੇ ਸ੍ਰਿਸਟਿ ਉਪਾਰਾ।
ਕਾਲਸੈਣ ਪ੍ਰਥਮੈ ਭਇਓ ਭੂਪਾ। ਅਧਿਕ ਅਤੁਲ ਬਲਿ ਰੂਪ ਅਨੂਪਾ।
ਕਾਲਕੇਤ ਦੂਸਰ ਭੂਅ ਭਇਓ। ਕੂਰਬਰਸ ਤੀਸਰ ਜਗ ਠਯੋ।
ਕਾਲਧੁਜ ਚਤੁਰਥ ਨ੍ਰਿਪ ਸੋਹੈ। ਜਿਹ ਤੇ ਭਯੋ ਜਗਤ ਸਭ ਕੋ ਹੈ।

ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ ਕਿ ਜਦੋਂ ਪਰਮੇਸ਼ਰ ਨੇ ਆਪਣਾ ਪਸਾਰ ਕੀਤਾ ਤਾਂ ਉਹ ਓਂਕਾਰ ਈਸ਼ਵਰੀ ਸ਼ਕਤੀ ਤੋਂ ਦ੍ਰਿਸ਼ਟਮਾਨ ਸੰਸਾਰ ਪੈਦਾ ਕੀਤਾ। ਸਭ ਤੋਂ ਪਹਿਲਾਂ ਕਾਲ ਸੈਨ ਵਿਸ਼ਨੂੰ ਪੈਦਾ ਹੋਏ ਦੂਸਰੇ ਕਾਲਕੇਤੂ, ਬ੍ਰਹਮਾ ਅਤੇ ਕੂਰ ਬਰਸ ਸ਼ਿਵਜੀ ਤੀਸਰੇ ਸਥਾਪਿਤ ਹੋਏ। ਚੌਥੇ ਨਰੇਸ਼ ਕਾਲ ਤੁਝ ਵਿਰਾਟ ਸਰੂਪ ਅਕਾਲ ਪੁਰਖ ਮਹਾਂ ਵਿਸ਼ਨੂੰ ਜਾਂ ਹਰ ਨਿਆਂ ਗਰਭ ਹੋਏ ਜਿਨ੍ਹਾਂ ਤੋਂ ਸਾਰਾ ਦਿਸਦਾ ਜਗਤ ਉਤਪੰਨ ਹੋਇਆ।

ਇਸ ਤਰ੍ਹਾਂ ਆਪ ਆਦਿ ਕਾਲ ਤੋਂ ਈਸ਼ਵਰੀ ਧਰਤੀ ਦੇ ਦੇਹਧਾਰੀ ਪ੍ਰਤੀਨਿਧਾਂ ਦਾ ਆਰੰਭ ਮੰਨਦੇ ਹਨ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪੂਰਵਜਾਂ ਦਾ ਲੰਮਾ ਇਤਿਹਾਸ ਲਿਖ ਕੇ ਸੂਰਜ ਵੱਧ ਦੀ ਉਤਪਤੀ, ਰਾਮ ਅਵਤਾਰ, ਲਵ ਕੁਸ਼ ਅਤੇ ਅੱਗੋਂ ਉਨ੍ਹਾਂ ਦੇ ਵੰਸ਼ਜਾਂ ਦੀ ਲੰਮੀ ਸੂਚੀ ਦੇ ਕੇ ਉਸ ਸਿਲਸਿਲੇ ਵਿਚ ਬੇਦੀ ਅਤੇ ਸੋਢੀ ਕੌਲ ਵਿੱਚ ਗੁਰੂ ਨਾਨਕ ਦੇਵ ਜੀ ਅਤੇ ਆਪਣੇ ਪ੍ਰਗਟ ਹੋਣ ਦਾ ਪ੍ਰਸੰਗ ਦਰਜ ਕੀਤਾ ਹੈ। ਉਨ੍ਹਾਂ ਤਾਂ ਆਪਣੇ ਮਾਤਾ ਪਿਤਾ ਅਤੇ ਆਪਣੇ ਪੂਰਬ ਦੇ ਜਨਮਾਂ ਨੂੰ ਵੀ ਪ੍ਰਮਾਣਿਤ ਕੀਤਾ ਹੈ। ਦਸਮ ਗੁਰੂ ਜੀ ਨੇ ਗੁਰੂ ਨਾਨਕ ਦੇਵ ਜੀ ਤੋਂ ਚੱਲੀ ਗਰਵ ਪ੍ਰਣਾਲੀ ਦੇ ਸਿਲਸਿਲੇ ਨੂੰ ਦੀਪਕ ਤੋਂ ਦੀਪਕ ਜਗਣ ਦੀ ਪ੍ਰਕਿਰਿਆ ਕਹਿ ਕੇ ਇਸ ਨੂੰ ਅਨੰਤ ਕਾਲ ਤੱਕ ਜਗਦੇ ਰਹਿਣ ਦਾ ਸੰਕੇਤ ਦਿੱਤਾ ਹੈ ਕਿਉਂਕਿ ਦੀਪਕ ਤੋਂ ਦੀਪਕ ਜਗਣ ਦੀ ਕਾਲ ਸੀਮਾ ਨਹੀਂ ਹੁੰਦੀ। ਆਪ ਜੀ ਬਿਚਿਤ੍ਰ ਨਾਟਕ ਵਿੱਚ ਲਿਖਦੇ ਹਨ-

ਨਾਨਕ ਅੰਗਦ ਕੋ ਬਪੁ ਧਰਾ ਧਰਮ ਪ੍ਰਚੁਰਿ ਇਹ ਜਗ ਮੋ ਕਰਾ।
ਅਮਰਦਾਸ ਪੁਨਿ ਨਾਮ ਕਹਾਯੋ ਜਨ ਦੀਪਕ ਤੇ ਦੀਪ ਜਗਾਯੋ।

ਭਾਈ ਗੁਰਦਾਸ ਗੁਰਮਤਿ ਅਧਿਕਾਰਤ ਅਤੇ ਮਹਾਨ ਵਿਆਖਿਆਕਾਰ ਹੋਏ ਹਨ। ਉਨ੍ਹਾਂ ਸਤਿਗੁਰੂ ਦੇ ਲੱਛਣਾਂ ਉੱਤੇ ਵਿਸਥਾਰ ਸਹਿਤ ਲਿਖਿਆ ਹੈ। ਚਹੁੰ ਜੁਗਾਂ ਵਿੱਚ ਹੀ ਸਤਿਗੁਰੂ ਅਤੇ ਉਨ੍ਹਾਂ ਦੇ ਨਾਮ ਦੀ ਮਹਿਮਾ ਲਿਖਦਿਆਂ ਉਹ ਬਾਣੀ ਉਚਾਰਦੇ ਹਨ-

ਸਤਿਜੁਗ ਸਤਿਗੁਰ ਵਾਸਦੇਵ ਵਵਾ ਵਿਸਨਾ ਨਾਮੁ ਜਪਾਵੈ।
ਦੁਆਪਰਿ ਸਤਿਗੁਰ ਹਰੀ ਕ੍ਰਿਸਨ ਹਾਹਾ ਹਰਿ ਹਰਿ ਨਾਮੁ ਜਪਾਵੈ।
ਤ੍ਰੇਤੇ ਸਤਿਗੁਰ ਰਾਮ ਜੀ ਰਾਰਾ ਰਾਮ ਜਪੇ ਸੁਖੁ ਪਾਵੈ।
ਕਲਿਜੁਗਿ ਨਾਨਕ ਗੁਰ ਗੋਵਿੰਦ ਗਗਾ ਗੋਵਿੰਦ ਨਾਮੁ ਅਲਾਵੈ।
ਚਾਰੇ ਜਾਗੇ ਚਹੁ ਜੁਗੀ ਪੰਚਾਇਣ ਵਿਚਿ ਜਾਇ ਸਮਾਵੈ।
ਚਾਰੋ ਅਚਰ ਇਕੁ ਕੋਰ ਵਾਹਿਗੁਰੂ ਜਪੁ ਮੰਤ੍ਰੁ ਜਪਾਵੈ॥
ਜਹਾ ਤੇ ਉਪਜਿਆ ਫਿਰਿ ਤਹਾ ਸਮਾਵੈ॥

ਸ੍ਰੀ ਆਦਿ ਗ੍ਰੰਥ ਸਾਹਿਬ ਵਿੱਚ ਦਰਜ ਸਮੁੱਚੀ ਬਾਣੀ ਸਤਿਗੁਰੂ ਦੀ ਮਹਿਮਾ ਨਾਲ ਭਰਪੂਰ ਹੈ। ਸਤਿਗੁਰੂ ਦੀ ਕਿਰਪਾ ਅਰਥਾਤ 'ਗੁਰਪ੍ਰਸਾਦਿ' ਬਾਣੀ ਦਾ ਮੁੱਖ ਧੁਰਾ ਹੈ। ਗੁਰਬਾਣੀ ਦੇ ਵਿਆਖਿਆਕਾਰ ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ

ਵਿੱਚ ਬਹੁਤ ਵਿਸਥਾਰ ਵਿੱਚ ਗੁਰੂ ਦੇ ਪਾਵਨ ਲੱਛਣ, ਗੁਰੂ ਦੀ ਪਰਿਭਾਸ਼ਾ, ਗੁਰੂ ਦੇ ਕਰਤੱਵ ਅਤੇ ਮਨੁੱਖ ਨੂੰ ਗੁਰੂ ਦੀ ਲੋੜ ਤੇ ਭਰਪੂਰ ਚਾਨਣਾ ਪਾਇਆ ਹੈ।

ਈਸ਼ਵਰ ਦੀ ਲੱਖਤਾ ਕਰਾਉਣ ਵਾਲਾ, ਉਸ ਨੂੰ ਮਿਲਾਉਣ ਵਾਲਾ, ਉਸ ਦਾ ਪ੍ਰਤੀਨਿਧ, ਉਸਦਾ ਸਰੂਪ ਸਤਿਗੁਰੂ ਹੀ ਹੈ। ਹਰੀ ਨੂੰ ਮਿਲਣ ਵਾਲਾ ਮਾਰਗ ਗੁਰੂ ਹੀ ਹੈ। ਗੁਰੂ ਅਗਿਆਨ ਦਾ ਹਨੇਰਾ ਦੂਰ ਕਰਨ ਵਾਲਾ ਦੀਪਕ ਹੈ, ਉਹ ਦਾਤਾਰ ਹੈ, ਤਪਦੇ ਹਿਰਦਿਆਂ ਵਿੱਚ ਠੰਢ ਵਰਤਾਉਣ ਵਾਲਾ ਹੈ। ਉਸ ਆਪ ਵੀ ਪੰਜੇ ਵਿਕਾਰ ਵਸ ਵਿਚ ਕੀਤੇ ਹੋਏ ਹਨ ਅਤੇ ਆਪਣੇ ਸਿੱਖਾਂ ਦੇ ਵੀ ਪੰਜੇ ਅਸਾਧ ਰੋਗ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਨਿਵਿਰਤ ਕਰਦਾ ਹੈ। ਉਹ ਪੂਰਾ ਵੈਦ ਹੈ, ਉਹ ਸੁੱਖਾਂ ਦਾ ਸਾਗਰ ਹੈ, ਨਿਰਵੈਰ ਹੈ। ਉਹ ਆਪਣੇ ਹੀ ਨਿੰਦਕਾਂ, ਦੋਖੀਆਂ ਅਤੇ ਬੇਮੁਖਾਂ ਨੂੰ ਵੀ ਤਾਰਦਾ ਹੈ। ਉਹ ਨੇਤਰਹੀਣਾਂ ਨੂੰ ਵੀ ਆਪ ਬਾਹੋਂ ਫੜ ਕੇ ਰਾਹ ਦਿਖਾਉਂਦਾ ਹੈ। ਉਹ ਆਪ ਮੁਕਤ ਹੈ ਅਤੇ ਸੰਸਾਰ ਨੂੰ ਮੁਕਤੀ ਦਿਵਾਉਂਦਾ ਹੈ। ਗੁਰੂ ਪਾਰਸ, ਬਾਵਨ ਚੰਦਨ ਪਾਰਜਾਤ, ਮਾਨ ਸਰੋਵਰ ਹੈ। ਗੁਰੂ ਐਸਾ ਤੀਰਥ ਹੈ ਜਿਸ ਦੀ ਸ਼ਰਣ ਵਿੱਚ ਅਠਾਹਠ ਤੀਰਥ ਹਨ। ਉਹ ਨਾਥਾਂ ਦਾ ਨਾਥ ਅਤੇ ਬੰਦੀ ਛੋੜ ਹੈ। ਹੋਰ ਵੀ ਅਣਗਿਣਤ ਵਿਸ਼ੇਸ਼ਣ ਹਨ ਜੋ ਸੱਚੇ ਸਤਿਗੁਰੂ ਨਾਲ ਜੋੜਦੇ ਹਨ। ਇਨ੍ਹਾਂ ਨੂੰ ਲਿਖਦਿਆਂ ਭਾਵੇਂ ਸਾਰੀ ਧਰਤੀ ਹੀ ਭਰੀ ਜਾਵੇ।

ਚੌਥੇ ਪਾਤਸ਼ਾਹ ਗੁਰੂ ਰਾਮਦਾਸ ਜੀ ਫਰਮਾਉਂਦੇ ਹਨ ਕਿ ਪਰਉਪਕਾਰੀ ਗੁਰੂ ਨੇ ਮੈਨੂੰ ਨਾਮ ਦਿੱਤਾ ਹੈ। ਗੁਰੂ ਦਾ ਮਾਤਾ ਅਤੇ ਪਿਤਾ ਧੰਨ ਹਨ। ਜਿਸ ਸਤਿਗੁਰੂ ਆਪਣੇ ਨੂੰ ਮਿਲ ਕੇ ਮੈਨੂੰ ਨਾਮ ਦਾ ਪਤਾ ਲੱਗਾ ਹੈ ਉਸ ਸਤਿਗੁਰੂ ਨੂੰ ਮੈਂ ਸਦਾ ਨਮਸਕਾਰ ਕਰਦਾ ਹਾਂ–

ਹਰਿ ਨਾਮੁ ਦੀਆ ਗੁਰਿ ਪਰਉਪਕਾਰੀ ਧਨੁ ਧੰਨੁ ਗੁਰੂ ਕਾ ਪਿਤਾ ਮਾਤਾ॥
ਹੰਉ ਸਤਿਗੁਰ ਅਪੁਣੇ ਕੰਉ ਸਦਾ ਨਮਸਕਾਰੀ ਜਿਤੁ ਮਿਲਿਐ ਹਰਿ ਨਾਮੁ ਮੈ ਜਾਤਾ॥

ਇਹ ਸਤਿਗੁਰੂ ਦੀ ਸਿਫ਼ਤ ਹੈ ਕਿ ਉਹ ਆਪ ਵੀ ਨਾਮ ਜਪਦਾ ਹੈ ਤੇ ਸਿੱਖਾਂ ਨੂੰ ਵੀ ਇਨਾਮ ਦਿੰਦਾ ਹੈ। ਉਹ ਮਾਤਾ ਪਿਤਾ ਵੇਸ ਕੁੱਲ ਵਾਲਾ ਵੀ ਹੁੰਦਾ ਹੈ। ਇੱਕ ਹੋਰ ਵਿਸ਼ੇਸ਼ ਸਿਫ਼ਤ ਉਸ ਵਿੱਚ ਹੈ ਕਿ ਉਹ ਅੰਮ੍ਰਿਤਾ ਭੰਡਾਰੀ ਹੈ। ਜਦੋਂ ਵੀ ਇਤਿਹਾਸ ਦਾ ਗਿਆਨ ਹੈ ਜਾਂ ਗਿਆਨ ਦਾ ਇਤਿਹਾਸ ਹੈ ਦੇਵਤੇ, ਮਨੁੱਖ, ਰਿਖੀਸੁਰ, ਮੁਨੀਜਨ ਅੰਮ੍ਰਿਤ ਨੂੰ ਖੋਜਦੇ ਆ ਰਹੇ ਹਨ। ਇਹ ਅੰਮ੍ਰਿਤ ਸਤਿਗੁਰੂ ਦੇ ਕੋਲ ਹੈ। ਈਸ਼ਵਰ ਦਾ ਨਾਮ ਸਤਿਗੁਰੂ ਵਿਚ ਸਥਾਪਿਤ ਹੈ। ਸਤਿਗੁਰੂ ਨਾਮ ਨਾਲ ਲਬਾਲਬ ਹੈ। ਇਹ ਨਾਮ ਹੀ ਅੰਮ੍ਰਿਤ ਹੈ। ਸਤਿਗੁਰੂ ਨਾਮ ਅੰਮ੍ਰਿਤ ਦੀ ਦਾਤ ਵੰਡਦਾ ਹੈ। ਸਤਿਗੁਰੂ ਦੇ ਬਚਨ ਅਥਵਾ ਬਾਣੀ ਵਿੱਚ ਅੰਮ੍ਰਿਤ ਹੈ। ਸਤਿਗੁਰੂ ਦੀ ਨਜ਼ਰ ਵਿੱਚ ਅੰਮ੍ਰਿਤ ਹੈ।

ਸਤਿਗੁਰੂ ਦੀ ਕਥਾ, ਸਤਿਗੁਰੂ ਦੇ ਦਰਸ਼ਨ ਅਤੇ ਭਾਣੇ ਵਿੱਚ ਵੀ ਅੰਮ੍ਰਿਤ ਹੈ। ਗੁਰੂ ਅਮਰਦਾਸ ਜੀ ਨੇ ਆਪਣੇ ਗੂੜ੍ਹ ਤਜ਼ਰਬੇ ਦੀ ਬਿਨਾ ਤੇ ਇਹ ਗੱਲ ਲਿਖੀ ਹੈ–

ਅੰਮ੍ਰਿਤ ਨਾਮੁ ਮੰਨਿ ਵਸਾਏ॥ ਹਉਮੈ ਮੇਰਾ ਸਭੁ ਦੁਖੁ ਗਵਾਏ॥
ਅੰਮ੍ਰਿਤ ਬਾਣੀ ਸਦਾ ਸਲਾਹੇ ਅੰਮ੍ਰਿਤਿ ਅੰਮ੍ਰਿਤੁ ਪਾਵਣਿਆ॥
ਤਉ ਵਾਰੀ ਜੀਉ ਵਾਰੀ, ਅੰਮ੍ਰਤ ਬਾਣੀ ਮੰਨਿ ਵਸਾਵਣਿਆ॥
ਅੰਮ੍ਰਿਤ ਬਾਣੀ ਮੰਨਿ ਵਸਾਏ, ਅੰਮ੍ਰਿਤ ਨਾਮੁ ਧਿਆਵਣਿਆ॥
ਰਹਾਉ॥ ਅੰਮ੍ਰਿਤ ਬੋਲੈ ਸਦਾ ਮੁਖਿ ਵੈਣੀ॥ ਅਮ੍ਰਿਤ ਵੇਖੈ ਪਰਖੈ ਸਦਾ ਨੈਣੀ॥
ਅੰਮ੍ਰਿਤ ਕਥਾ ਕਹੈ ਸਦਾ ਦਿਨੁ ਰਾਤੀ॥ ਅਵਰਾ ਆਖਿ ਸੁਨਵਣਿਆ॥
ਅੰਮ੍ਰਿਤ ਰਸਨਾ ਬੋਲੈ ਦਿਨੁ ਰਾਤੀ ਮਨਿ ਤਨਿ ਅੰਮ੍ਰਿਤ ਪੀਆਵਣਿਆ॥
ਸੋ ਕਿਛੁ ਕਰੈ ਜੁ ਚਿਤਿ ਨਾ ਹੋਈ॥ ਤਿਸ ਦਾ ਹੁਕਮੁ ਮੇਟਿ ਨ ਸਕੈ ਕੋਈ॥
ਹੁਕਮੇ ਵਰਤੈ ਅੰਮ੍ਰਿਤ ਬਾਣੀ, ਹੁਕਮੇ ਅੰਮ੍ਰਿਤ ਪੀਆਵਣਿਆ॥
ਅਜਬ ਕੰਮ ਕਰਤੇ ਹਰਿ ਕੇਰੇ॥ ਇਹੁ ਮਨੁ ਭੂਲਾ ਜਾਂਦਾ ਫੇਰੇ॥
ਅੰਮ੍ਰਿਤ ਬਾਣੀ ਸਿਉ ਚਿਤੁ ਲਾਏ, ਅੰਮ੍ਰਿਤ ਆਪੇ ਸਬਦਿ ਵਜਾਣਣਿਆ॥
ਖਰੇ ਪਰਖਿ ਖਜਾਨੈ ਪਾਇਹਿ ਖੋਟੇ ਭਰਮਿ ਭੁਲਾਵਣਿਆ॥
ਕਿਉ ਕਰਿ ਵੇਖਾ ਕਿਉ ਸਾਲਾਹੀ॥ ਗੁਰ ਪਰਸਾਦੀ ਸਬਦਿ ਸਲਾਹੀ॥

ਤੇਰੇ ਭਾਣੇ ਵਿਚਿ ਅੰਮ੍ਰਿਤੁ ਵਸੈ, ਤੂੰ ਭਾਣੈ ਅੰਮ੍ਰਿਤ ਪੀਆਵਣਿਆ॥
ਅੰਮ੍ਰਿਤ ਸਬਦੁ ਅੰਮ੍ਰਿਤ ਹਰਿ ਬਾਣੀ॥ ਸਤਿਗੁਰਿ ਸੇਵਿਐ ਰਿਦੈ ਸਮਾਣੀ॥
ਨਾਨਕ ਅੰਮ੍ਰਿਤੁ ਨਾਮੁ ਸਦਾ ਸੁਖਦਾਤਾ ਪੀ ਅੰਮ੍ਰਿਤੁ ਸਭ ਭੁਖ ਲਹਿ ਜਾਵਣਿਆ॥

ਸਤਿਗੁਰੂ ਤਾਂ ਅੰਮ੍ਰਿਤ ਬਾਣੀ ਵਰਤਾਉਂਦਾ ਹੈ। ਗੁਰੂ ਦੁਆਰਾ ਹੀ ਇਹ ਉਪਜਦੀ ਹੈ ਅਤੇ ਗੁਰੂ ਦੁਆਰਾ ਹੀ ਇਹ ਜਾਣੀ ਜਾਂਦੀ ਹੈ-

ਵਾਹੁ ਵਾਹੁ ਪੂਰੇ ਗੁਰ ਕੀ ਬਾਣੀ ਪੂਰੇ ਗੁਰ ਤੇ ਉਪਜੀ ਸਾਚਿ ਸਮਾਣੀ
..............................................
ਗੁਰ ਕੀ ਬਾਣੀ ਗੁਰ ਤੇ ਜਾਤੀ ਜਿ ਸਬਦਿ ਰਤੇ ਰੰਗੁ ਲਾਇ
ਪਵਿਤੁ ਪਾਵਨ ਸੇ ਜਨ ਨਿਰਮਲ ਹਰਿ ਕੈ ਨਾਮਿ ਸਮਾਇ॥

ਸਤਿਗੁਰੂ ਜੀ ਦੁਆਰਾ ਉਚਾਰੀ ਬਾਣੀ ਗੁਰੂ ਭਾਵ ਵੱਡੀ ਬਾਣੀ ਹੈ। ਸਭ ਬਾਣੀਆਂ 'ਚੋਂ ਸਰਵੋਤਮ ਹੈ। ਇਸ ਵਿੱਚ ਸਾਰੇ ਅੰਮ੍ਰਿਤ ਹਨ-

ਗੁਰੂ ਕੀ ਬਾਣੀ ਰਾਹੀਂ ਗੁਰੂ ਜੀ ਦੇ ਅੰਮ੍ਰਿਤ ਭਰੇ ਵਿਚਾਰ ਜੀਵ ਦੇ ਮਨਾਂ ਵਿਚ ਪਹੁੰਚਦੇ ਹਨ ਅਤੇ ਇਹੀ ਬਾਣੀ ਸਾਨੂੰ ਗੁਰੂ ਤੱਕ ਪਹੁੰਚਾਉਣ ਦੇ ਸਮਰੱਥ ਹੈ। ਇਹ ਗੁਰਗਮ ਹੈ।(ਗੁਰੂ ਦੁਆਰਾ ਦਰਸਾਇਆ ਰਸਤਾ) ਇਹ ਮਾਧਿਅਮ ਹੈ। ਜੇ ਖਿਣ ਭਰ ਇਸ ਨੂੰ ਉਚਾਰੀਏ ਤਾਂ ਇਸ ਦਾ ਫਲ ਗੁਰਗਮ ਹੈ। ਜੇ ਹਰ ਦਮ ਇਸ ਵਿੱਚ ਰਹੀਏ ਤਾਂ ਜੰਮ ਨੇੜੇ ਨਹੀਂ ਢੁੱਕਦਾ ਅਤੇ ਹਰੀ ਹੇਠ ਦੁਆਲੇ ਹਾਰ ਵਾਂਗ ਸਾਡੇ ਕੋਲ ਰਹਿੰਦਾ ਹੈ। ਗੁਰੂ ਅਰਜਨ ਦੇਵ ਜੀ ਦਾ ਕਥਨ ਹੈ-

ਖਿਨੁ ਰਮ ਗੁਰ ਗਮ ਹਰਿ ਦਮ ਨਹ ਜਮ ਹਰਿ ਕੰਠ ਨਾਨਕ ਉਰਿ ਹਾਰੀ ਰੇ

ਆਦਿ ਕਾਲ ਵੇਲੇ ਜਦੋਂ ਅਜੇ ਲਿਖਤ ਵਾਲੇ ਸ਼ਬਦਾਂ ਦਾ ਅਵਿਸ਼ਕਾਰ ਨਹੀਂ ਸੀ ਹੋਇਆ ਤਾਂ ਬਾਣੀ ਸਿੱਧੀ ਹਿਰਦੇ ਵਿੱਚ ਹੀ ਸਾਂਭੀ ਜਾਂਦੀ ਸੀ। ਇਸ ਨੂੰ ਚਿਰ ਸਥਾਈ ਬਣਾਉਣ ਵਾਸਤੇ ਛੰਦਾ-ਬੰਦੀ ਜਾਂ ਕਵਿਤਾ ਦਾ ਮਾਧਿਅਮ ਵਰਤਿਆ ਗਿਆ। ਇਸ ਨੂੰ ਵਿਦਵਾਨ ਲੋਕ ਰੋਜ਼ ਪੜ੍ਹ ਕੇ ਯਾਦ ਕਰਦੇ ਰਹੇ। ਯੁਗਾਂ ਤੱਕ ਜ਼ਬਾਨੀ ਹੀ ਯਾਦ ਕਰਦੇ ਰਹੇ। ਜਿਹੜੇ ਲੋਕੇਸ਼ ਈਸ਼ਵਰੀ ਬਾਣੀ ਦੇ ਪੰਡਿਤ ਹੋ ਗਏ, ਉਹ ਪੂਜੇ ਜਾਣ ਲੱਗੇ। ਫੇਰ ਜਦੋਂ ਸ਼ਬਦਾਂ ਨੂੰ ਲਿਪੀਬੱਧ ਕੀਤਾ ਜਾਣ ਲੱਗਾ, ਲਿਖਿਆ ਜਾਣ ਲੱਗਾ ਤਾਂ ਉਹ ਸਿਆਹੀ ਅਤੇ ਕਾਗਜ਼ ਧੰਨ ਹੋ ਗਏ। ਸਮੇਂ ਦੇ ਸਤਿਗੁਰੂ ਨੇ ਬਾਣੀ ਦੇ ਸੰਚਾਰ ਵਾਸਤੇ ਆਪਣੇ ਵਕਤ ਦੇ ਸਾਧਨ ਵਰਤੇ। ਬਾਣੀ ਨੂੰ ਕਵਿਤਾ ਵਿੱਚ ਉਚਾਰਣ, ਲਿਖਤ ਵਿਚ ਲਿਆਉਣ ਤੋਂ ਬਾਅਦ ਇਸ ਨੂੰ ਗਾਇਣ ਅਤੇ ਸੰਗੀਤ ਦੁਆਰਾ ਸੰਚਾਰਿਤ ਕੀਤਾ। ਸਾਡੇ ਸਤਿਗੁਰੂ ਸਾਹਿਬਾਨ ਨੇ ਇਸ ਧੁਰ ਕੀ ਬਾਣੀ ਨੂੰ ਆਪਣੇ ਗਲੇ ਦੁਆਰਾ ਗਾਇਆ ਅਤੇ ਕਲਾਕਾਰ ਰਾਗੀਆਂ ਪਾਸੋਂ ਗਵਾਇਆ। ਉਹ ਰਾਗ, ਉਹ ਰਾਗੀ, ਉਹ ਸਾਜ਼ ਅਤੇ ਸਾਜ਼ੀ ਵੀ ਧੰਨ ਹੋ ਗਏ। ਅਜੇ ਤੱਕ ਭਾਈ ਮਰਦਾਨੇ ਦੀ ਰਬਾਬ ਲੋਕ ਮਨਾਂ ਵਿੱਚ ਪਾਵਨ ਸਥਾਨ ਰੱਖਦੀ ਹੈ।

ਸਤਿਗੁਰੂ ਸਾਹਿਬਾਨ ਨੇ ਬਾਣੀ ਉਚਾਰਨ ਕੀਤੀ, ਲਿਖੀ, ਲਿਖਾਈ ਅਤੇ ਇਕੱਤਰ ਕੀਤੀ। ਸਤਿਗੁਰੂ ਨਾਨਕ ਦੇਵ ਜੀ ਨੇ ਦੇਸ਼ ਦੇਸ਼ਾਂਤਰ ਦੇ ਗਮਨ ਸਮੇਂ ਬਾਣੀ ਦਾ ਸੰਗ੍ਰਹਿ ਨਾਲ ਰੱਖਿਆ। ਭਾਈ ਗੁਰਦਾਸ ਜੀ ਅਨੁਸਾਰ ਜਦੋਂ ਬਾਬਾ ਨਾਨਕ ਦੀ ਮੱਕੇ ਗਏ ਤਾਂ ਉਸ ਵੇਲੇ ਉਨ੍ਹਾਂ ਪਾਸ ਕਿਤਾਬ ਸੀ।

ਬਾਬਾ ਫਿਰਿ ਮਕੇ ਗਇਆ, ਨੀਲ ਬਸਤ੍ਰ ਧਾਰੇ ਬਨਵਾਰੀ॥
ਆਸਾ ਹਥਿ ਕਿਤਾਬ ਕਛਿ, ਕੂਜਾ ਬਾਂਗ ਮੁਸਲਾ ਧਾਰੀ॥

ਜਦ ਗੁਰੂ ਜੀ ਨੇ ਗੁਰਬਾਣੀ ਨੂੰ ਲਿਖਿਆ, ਲਿਖਾਇਆ ਤਾਂ ਉਸ ਲਿਖਤ ਦੀ ਲਿਪੀ ਗੁਰਮੁਖੀ ਹੋ ਗਈ। ਉਹ ਸਾਧਾਰਨ, ਕਾਗਜ਼, ਕਲਮ, ਦਵਾਤ, ਸਿਆਹੀ ਅਤੇ ਲਿਖਾਰੀ ਸਭ ਪੂਜਨੀਕ ਅਤੇ ਧੰਨ ਹੋ ਗਏ। ਗੁਰੂ ਨਾਨਕ ਦੇਵ ਜੀ ਨੇ ਆਪ ਹੀ ਕਿਹਾ ਹੈ-

ਧੰਨੁ ਸੁ ਕਾਗਦੁ ਕਲਮ ਧੰਨੁ ਧਨੁ ਭਾਂਡਾ ਧਨੁ ਮਸੁ॥
ਧਨੁ ਲੇਖਾਰੀ ਨਾਨਕਾ ਜਿਨਿ ਨਾਮੁ ਲਿਖਾਇਆ ਸਚੁ॥

ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਮਹਾਨ ਉਪਕਾਰ ਕੀਤਾ। ਗੁਰੂ ਸਾਹਿਬਾਨ ਦੀ ਬਾਣੀ ਅਤੇ ਭਗਤਾਂ ਸੰਤਾਂ ਫ਼ਕੀਰਾਂ ਦੀ ਬਾਣੀ ਦਾ ਸੰਗ੍ਰਹਿ ਆਪਣੇ ਸੰਪਾਦਕ ਕਰਕੇ ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ ਦੀ ਬੀੜ ਤਿਆਰ ਕਰਵਾਈ। ਰਾਗਾਂ ਦੇ ਸਿਰਲੇਖ

ਵਾਰਾਂ ਦੇ ਸਿਰਲੇਖ ਏਸੇ ਕਰਕੇ ਹੀ ਲਿਖੇ ਗਏ ਤਾਂ ਕਿ ਗੁਰੂ ਜੀ ਦੀ ਬਾਣੀ ਵੱਧ ਤੋਂ ਵੱਧ ਲੋਕਾਂ ਤੱਕ ਪਹੁੰਚੇ। ਇਹ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਮਹਾਨ ਕਾਰਜ ਸੀ ਜੋ ਉਨ੍ਹਾਂ ਨੇ ਗੁਰੂ ਦੀ ਹਸਤੀ ਗੁਰੂ ਦੀ ਮਾਨਤਾ ਅਤੇ ਗੁਰੂ ਦੀ ਕਿਰਪਾ ਗੁਰੂ ਪ੍ਰਸਾਦ ਦੇ ਸਿਧਾਂਤ ਨੂੰ ਸਥਾਪਿਤ ਕਰਨ ਵਾਲਾ ਜੋ ਯੁੱਗਾਂ ਵਿਚੋਂ ਸਭ ਤੋਂ ਵੱਡਾ ਗ੍ਰੰਥ ਤਿਆਰ ਕੀਤਾ। ਗੁਰੂ ਸਾਹਿਬ ਨੇ ਜੋ ਅਧਿਆਤਮਕ ਸੰਗਠਨ ਕਾਇਮ ਕੀਤਾ ਉਸ ਦਾ ਸਭ ਕੁਝ ਗੁਰੂ ਹੀ ਸੀ। ਸਿੱਖ ਜਗਤ ਵਿੱਚ ਗੁਰੂ ਸ਼ਬਦ ਹਰ ਥਾਂ ਵਿਆਪਕ ਹੈ।

ਗੁਰਬਾਣੀ- ਗੁਰੂ ਕੀ ਬਾਣੀ, ਗੁਰੂ ਗਰੰਥ, ਗੁਰੂ ਦਾ ਗ੍ਰੰਥ, ਗੁਰਦੁਆਰਾ- ਗੁਰੂ ਦਾ ਦਰ, ਗੁਰੂ ਪੰਥ- ਗੁਰੂ ਦਾ ਰਸਤਾ, ਗੁਰੂ ਇਤਿਹਾਸ- ਗੁਰੂ ਜੀ ਦਾ ਇਤਿਹਾਸ, ਗੁਰੂ ਨਗਰੀ ਅਰਥਾਤ ਗੁਰੂ ਦਾ ਨਗਰ ਆਦਿ ਅਨੇਕਾਂ ਨਾਮ ਹਨ ਜੋ ਗੁਰੂ ਦੀ ਪ੍ਰਮੁੱਖਤਾ ਦੱਸਦੇ ਹਨ।

ਗੁਰੂ ਦੀ ਆਜ਼ਾਦ ਹਸਤੀ ਦਾ ਹੀ ਇਹ ਕ੍ਰਿਸ਼ਮਾ ਹੈ ਕਿ ਗੁਰੂ ਵੱਲ ਮੁਖ ਹੋਣ ਕਾਰਨ ਇਕ ਸ਼ਕਤੀ ਵਾਲਾ ਮਜ਼ਬੂਤ ਸੰਗਠਨ ਬਣ ਗਿਆ। ਇਤਿਹਾਸ ਨੇ ਕਈ ਵਾਰ ਸਾਬਿਤ ਕੀਤਾ ਹੈ ਕਿ ਗੁਰੂ ਸੁਤੰਤਰ ਅਤੇ ਸਰਵੋਚ ਹਸਤੀ ਹੈ। ਜਦੋਂ ਕੁਝ ਲੋਕਾਂ ਨੇ ਗੁਰੂ ਨੂੰ ਛੱਡ ਕੇ ਗੁਰਬਾਣੀ ਦੀ ਬੀੜ ਨੂੰ ਹੀ ਗੁਰਿਆਈ ਦੀ ਸ਼ਕਲ ਸਮਝ ਲਿਆ ਤਾਂ ਉਸ ਵੇਲੇ ਗੁਰੂ ਦੀ ਹਸਤੀ ਨੇ ਆਪਣਾ ਜਲੌਅ ਪ੍ਰਗਟ ਕੀਤਾ। ਇਤਿਹਾਸ ਦੱਸਦਾ ਹੈ ਆਦਿ ਬੀੜ ਨੂੰ ਧੀਰ ਮੱਲ ਹੁਰਾਂ ਆਪਣੇ ਕਬਜ਼ੇ ਵਿੱਚ ਕਰ ਲਿਆ ਸੀ। ਜਦੋਂ ਮੱਖਣ ਸ਼ਾਹ ਲੁਬਾਣਾ ਦੀ ਕਿਆਦਤ ਵਿਚ ਸਿੱਖਾਂ ਨੇ ਗੁਰੂ ਜੀ ਦਾ ਸਾਰਾ ਸਾਮਾਨ ਧੀਰਮੱਲ ਤੋਂ ਖੋਹ ਲਿਆ ਤਾਂ ਨਾਲ ਬੀੜ ਵੀ ਲੈ ਆਂਦੀ। ਗੁਰੂ ਤੇਗ ਬਹਾਦਰ ਜੀ ਨੇ ਸਮੇਤ ਬੀੜ ਸਾਰਾ ਸਾਮਾਨ ਵਾਪਸ ਕਰਨ ਲਈ ਕਿਹਾ। ਜਦ ਗੁਰੂ ਜੀ ਬਾਬਾ ਬਕਾਲਾ ਤੋਂ ਕੀਰਤਪੁਰ ਨੂੰ ਜਾ ਰਹੇ ਸਨ ਤਾਂ ਉਨ੍ਹਾਂ ਨੂੰ ਪਤਾ ਲੱਗਾ ਕਿ ਉਨ੍ਹਾਂ ਦੇ ਕਹਿਣ ਦੇ ਬਾਵਜੂਦ ਸਿੱਖਾਂ ਨੇ ਬੀੜ ਨਾਲ ਲੈ ਆਉਂਦੀ ਹੈ ਤਾਂ ਉਨ੍ਹਾਂ ਨਾਰਾਜ਼ਗੀ ਪ੍ਰਗਟ ਕਰਦਿਆਂ ਬੀੜ ਵਾਪਸ ਕਰਨ ਲਈ ਕਿਹਾ। ਜਦ ਕੋਈ ਸਿੱਖ ਇਹ ਕੰਮ ਕਰਨ ਨੂੰ ਤਿਆਰ ਨਾ ਹੋਇਆ ਤਾਂ ਆਪ ਜੀ ਨੇ ਦਰਿਆ ਬਿਆਸ ਦੇ ਸਪੁਰਦ ਇਹ ਬੀੜ ਕੀਤੀ। ਬਾਦ ਵਿੱਚ ਗੁਰੂ ਤੇਗ ਬਹਾਦਰ ਜੀ ਦਾ ਨਾਮ ਅਰਦਾਸ ਵਿਚ ਲੈਣ ਉਪਰੰਤ ਇਹ ਬੀੜ ਧੀਰਮੱਲ ਜੀ ਨੂੰ ਪ੍ਰਾਪਤ ਹੋਈ। ਗੁਰੂ ਜੀ ਦੇ ਹੁਕਮ ਕਾਰ ਨਾਲ ਇਹ ਸਭ ਕੁਝ ਹੋਇਆ ਅਤੇ ਬੀੜ ਦਰਿਆ ਦੇ ਪਾਣੀ ਵਿੱਚ ਵੀ ਸੁਰੱਖਿਅਤ ਰਹੀ। ਇਤਿਹਾਸ ਦੱਸਦਾ ਹੈ ਕਿ ਇਵੇਂ ਹੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮ ਵਿੱਚ ਬੀੜ ਅਗਨੀ ਤੋਂ ਵੀ ਸੁਰੱਖਿਅਤ ਰਹੀ। ਗੁਰੂ ਤੇਗ ਬਹਾਦਰ ਬਗੈਰ ਬੀੜ ਦੇ ਹੀ ਕੀਰਤਪੁਰ ਗਏ। ਗੁਰੂ ਤੇਗ ਬਹਾਦਰ ਜੀ ਦੀ ਕੀਰਤੀ ਅੱਜ ਵੀ ਜੱਗ ਵਿੱਚ ਰੌਸ਼ਨ ਹੈ ਪਰ ਜਿਨ੍ਹਾਂ ਨੇ ਆਦਿ ਗ੍ਰੰਥ ਸਾਹਿਬ ਦੀ ਬੀੜ ਦੇ ਆਸਰੇ ਗੁਰਿਆਈ ਚਲਾਉਣੀ ਚਾਹੀ ਉਨ੍ਹਾਂ ਧੀਰ ਮੱਲ ਅਤੇ ਅਜਿਹੇ ਲੋਕ ਇਤਿਹਾਸ ਦੀ ਧੂੜ ਵਿੱਚ ਖਪ ਗਏ ਹਨ। ਇਸ ਪ੍ਰਸੰਗ ਤੋਂ ਕਬੀਰ ਜੀ ਦੇ ਇਸ ਪ੍ਰਸ਼ਨ ਦਾ ਉੱਤਰ ਮਿਲ ਜਾਂਦਾ ਹੈ ਕਿ-

ਬ੍ਰਹਮਾ ਬਡਾ ਕਿ ਜਾਸੁ ਉਪਾਇਆ॥ ਬੇਦ ਬਡਾ ਕਿ ਜਹਾਂ ਤੇ ਆਇਆ॥

ਗੁਰੂ ਤੇਗ ਬਹਾਦਰ ਜੀ ਨੂੰ ਤਾਂ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਦੇ ਦਰਸ਼ਨ ਵੀ ਨਾ ਕਰਨ ਦਿੱਤੇ ਗਏ। ਗੁਰੂ ਗੋਬਿੰਦ ਸਿੰਘ ਜੀ ਵਕਤ ਵੀ ਬੀੜ ਕਰਤਾਰਪੁਰ ਹੀ ਰਹੀ ਅਤੇ ਆਪ ਵੀ ਸਾਰੀ ਉਮਰ ਸ੍ਰੀ ਅੰਮ੍ਰਿਤਸਰ ਨਾ ਆਏ। ਪਰ ਜਿਥੇ-ਜਿਥੇ ਜੰਗਲਾਂ ਰੇਗਿਸਤਾਨਾਂ ਅਤੇ ਪਹਾੜਾਂ ਨੂੰ ਆਪ ਦੀ ਚਰਨ ਛੋਹ ਪ੍ਰਾਪਤ ਹੋ ਗਈ। ਉਥੇ ਉਥੇ ਗੁਰਦੁਆਰੇ ਉਸਰ ਗਏ।

**ਚਲਦਾ..........**

## ਸਿਦਕ ਅਤੇ ਸਿਰੜ ਦੀ ਜਿੱਤ

ਸਨ ਜਿਸ ਕਾਰਨ ਉਹਨਾਂ ਨੂੰ ਕਹਿਣਾ ਪਿਆ, "ਮੈਂ ਇਹ ਆਖਣਾ ਚਾਹੁੰਦਾ ਹਾਂ ਕਿ ਕੋਈ ਰਾਜ, ਭਾਵੇਂ ਉਹ ਆਪਣੀ ਮਰਜ਼ੀ ਦਾ ਰਾਜ ਹੀ ਕਿਉਂ ਨਾ ਹੋਵੇ, ਅਜਿਹੇ ਕਾਨੂੰਨ ਪਾਸ ਕਰਨ ਦਾ ਹੱਕ ਨਹੀਂ ਰਖਦਾ, ਜੋ ਲੋਕਾਂ ਦੀ ਸਾਰੀ ਜਮਾਤ ਦੀ ਮਰਜ਼ੀ ਦੇ ਵਿਰੁਧ ਹੋਵੇ।" ਆਖਰ ਕਿਸਾਨਾਂ ਦਾ ਸਬਰ, ਸਿਦਕ ਅਤੇ ਦ੍ਰਿੜਤਾ ਰੰਗ ਲਿਆਏ ਅਤੇ ਪ੍ਰਧਾਨ ਮੰਤਰੀ ਨੇ ਗੁਰੂ ਨਾਨਕ ਪ੍ਰਕਾਸ਼ ਪੁਰਬ ਦੇ ਹਵਾਲੇ ਨਾਲ ਇਹ ਕਾਨੂੰਨ ਰੱਦ ਕਰਨ ਦਾ ਐਲਾਨ ਕਰ ਦਿੱਤਾ। ਸਵਾਲ ਪੈਦਾ ਹੁੰਦਾ ਹੈ ਕਿ ਕਿ ਜੇਕਰ ਪ੍ਰਧਾਨ ਮੰਤਰੀ ਦੇ ਮਨ ਵਿਚ ਸਿੱਖ ਗੁਰੂ ਸਾਹਿਬਾਨ ਪ੍ਰਤੀ ਏਨੀ ਹੀ ਸ਼ਰਧਾ ਸੀ ਤਾਂ ਇਹ ਪਵਿੱਤਰ ਦਿਹਾੜਾ ਪਿਛਲੇ ਸਾਲ ਵੀ ਆਇਆ ਸੀ, ਖਾਲਸੇ ਦਾ ਸਿਰਜਨਾ ਦਿਵਸ ਵਿਸਾਖੀ ਵੀ ਅਤੇ ਹਿੰਦ ਦੀ ਚਾਦਰ ਮੰਨੇ ਜਾਂਦੇ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਦਿਹਾੜਾ ਵੀ (ਜਿਸ ਮੌਕੇ ਗੁਰਦੁਆਰੇ ਜਾ ਕੇ ਮੱਥਾ ਟੇਕਣ ਦਾ ਵਿਖਾਵਾ ਵੀ ਕੀਤਾ ਸੀ), ਉਦੋਂ ਅਜਿਹਾ ਐਲਾਨ ਕਿਉਂ ਨਹੀਂ ਹੋਇਆ? ਪ੍ਰਤੱਖ ਹੈ, ਪ੍ਰਧਾਨ ਮੰਤਰੀ ਨੂੰ ਕੋਈ ਬਹਾਨਾ ਚਾਹੀਦਾ ਸੀ। ਖੈਰ ਦੇਰ ਆਏ, ਦਰੁਸਤ ਆਏ; ਕਾਮਨਾ ਕਰਦੇ ਹਾਂ ਕਿ ਅਜਿਹੀ ਸਦ-ਬੁੱਧੀ ਸਦਾ ਬਣੀ ਰਹੇ।

# ਬੀਤੇ ਦੀਆਂ ਪੈੜਾਂ



**(ਅਣਛਪਿਆ-ਭਾਗ)**

**(ਪਿਛਲੇ ਅੰਕ ਤੋਂ ਅੱਗੇ)**

**ਪ੍ਰੀਤਮ ਸਿੰਘ ਕਵੀ**

### 22 ਅਕਤੂਬਰ 1986, ਬੁੱਧਵਾਰ
### ਸ੍ਰੀ ਭੈਣੀ ਸਾਹਿਬ

ਸਦਾ ਵਾਂਗ ਆਸਾ ਦੀ ਵਾਰ ਦਾ ਕੀਰਤਨ, ਗ੍ਰੰਥ ਦੇ ਪਾਠ, ਹੁਕਮਨਾਮੇ, ਕਥਾ ਪਾਠ, ਨਾਮ ਸਿਮਰਨ ਅਤੇ ਲਉਢੇ ਪਹਿਰ ਦੇ ਦੀਵਾਨ ਗੁਰੂ ਕੀ ਹਜ਼ੂਰੀ ਵਿੱਚ ਸਜੇ।

**ਮਾਤਾ ਜੀ ਦਾ ਗਿਲਾ –** ਮੇਰੇ ਉੱਤਰ ਵਿਚ ਮਾਤਾ ਜੀ ਨੇ ਕਹਿਆ : ਸੰਗਤ ਬਹੁਤ ਹੋ ਗਈ ਹੈ। ਚਾਹੀਦਾ ਤਾਂ ਇਹ ਹੈ ਕਿ ਸਿਮ੍ਰਤੀ ਮੰਦਰ (ਵੱਡੇ ਮੰਦਰ) ਵਿੱਚ ਦੀਵਾਨ ਲੱਗੇ ਪਰ ਸੱਚੇ ਪਾਤਸ਼ਾਹ ਜੀ ਦੇ ਕੋਲ ਬਹਿਣ ਵਾਲੇ ਇਹ ਨਹੀਂ ਜਾਣਦੇ ਕਿ ਹਰੀ ਮੰਦਰ ਤੋਂ ਬਾਹਰ ਬੈਠਕੇ ਸੁਣਨ ਨਾਲ ਸਾਧ ਸੰਗਤ ਨੂੰ ਮੁਸ਼ਕਲ ਪੇਸ਼ ਆਉਂਦੀ ਹੈ। ਵੱਡੇ ਮੰਦਰ ਦੇ ਹਾਲ ਦਾ ਸਾਰਾ ਆਲਾ ਦੁਆਲਾ ਬੰਦ ਹੈ, ਕਿਸੇ ਤਰ੍ਹਾਂ ਦਾ ਖ਼ਤਰਾ ਨਹੀਂ। ਪਰ ਪ੍ਰਬੰਧਕ ਏਥੇ ਦੀਵਾਨ ਸਜਾਉਣ ਲਈ ਨਹੀਂ ਆਖਦੇ।

**ਡਾਲਟਨ ਗੰਜ ਦਾ ਮੁਖੀ –** ਲਉਢੇ ਵੇਲੇ ਦੇ ਦੀਵਾਨ ਵਿੱਚ ਡਾਲਟਨ ਗੰਜ, ਬਿਹਾਰ ਦੇ ਮੁਖੀ ਸਿੱਖ ਸੇਠ ਕਿਰਪਾਲ ਸਿੰਘ ਵੀ ਆਪਣੇ ਭਰਾ ਸੰਤ ਅਮਰ ਸਿੰਘ ਨਾਲ, ਮੇਲੇ ਵਿੱਚ ਸ਼ਾਮਲ ਹੋਣ ਲਈ ਆ ਗਏ। ਸ੍ਰੀ ਸਤਿਗੁਰੂ ਜੀ ਨੇ ਇਸ਼ਾਰਾ ਕਰਕੇ ਆਪਣੇ ਮੋਹਰਲੀਆਂ ਸਫਾਂ ਤੇ ਬੈਠਾਏ। ਨੇਤਰ ਭਰ ਕੇ ਦਰਸ਼ਨ ਦੇ, ਨਿਹਾਲ ਕੀਤਾ।

**ਬਾਬਾ ਸਾਹਿਬ ਜਵਾਨ –** ਅੱਜ ਸਵੇਰੇ 10 ਵਜੇ ਦੇ ਕਰੀਬ ਸੀ. ਆਰ. ਪੀ. ਦੇ ਕੁਛ ਜਵਾਨਾਂ ਨਾਲ ਡੀ. ਐਸ. ਪੀ. ਸਰਦਾਰ .................... ਦਰਸ਼ਨ ਕਰਨ ਆਇਆ। ਦਰਸ਼ਨ ਕਰ ਬਚਨ ਸੁਣ ਨਿਹਾਲ ਹੋਇਆ। ਜਦੋਂ ਸਤਿਗੁਰੂ ਜੀ ਉਸ ਨੂੰ ਨਿਵਾਜ਼ ਕਾਰ ਸਵਾਰੀ ਲਈ ਤੇਜ਼ੀ ਨਾਲ ਚੱਲੇ ਤਾਂ ਡੀ. ਐਸ. ਪੀ. ਆਪਣੇ ਸਾਥੀਆਂ ਨੂੰ ਕਹਿੰਦੇ ਸੁਣਿਆ : ਬਾਬਾ ਸਾਹਿਬ ਤਾਂ ਅਜੇ ਜੁਆਨਾਂ ਵਾਂਗ ਤੇਜ਼ ਤਰਾਰ ਹਨ।

**ਮੇਲਾ ਕਰਵਾਣ ਵਾਲੇ ਮੇਲਾ ਵੇਖਣ ਆਏ –** ਸ. ਹਰਭਜਨ ਸਿੰਘ ਔਰੰਗਾਬਾਦੀ ਅਤੇ ਸੂਬਾ ਹਰਬੰਸ ਸਿੰਘ ਜੀ ਦੋਸ਼ੀ ਔਰੰਗਾਬਾਦ ਤੋਂ ਅੱਜ ਸ੍ਰੀ ਭੈਣੀ ਸਾਹਿਬ ਵਿਖੇ ਮੇਲੇ ਦਾ ਆਨੰਦ ਲੁੱਟਣ ਆਏ। ਭਾਈਵਾਲਾਂ ਅਤੇ ਹਾਰਦਿਕ ਸਨੇਹੀਆਂ ਦੀ ਜੋੜੀ ਹੁਣ ਮੇਲੇ ਦੀ ਸਮਾਪਤੀ ਤੱਕ ਸਾਧ ਸੰਗਤ ਦਾ ਲਾਭ ਉਠਾਵੇਗੀ ਅਤੇ ਗੁਰੂ ਕੇ ਦਰਸ਼ਨਾਂ ਤੋਂ ਫ਼ੈਜ਼ਾਬਾਬ ਹੋਵੇਗੀ। ਹਰਭਜਨ ਸਿੰਘ ਜੀ ਦੇ ਮਾਤਾ ਗੁਰਦਿਆਲ ਕੌਰ ਜੀ ਵੀ ਨਾਲ ਆਏ ਹਨ।

**10,000/- ਕਾਹਦਾ? –** ਸਾਰੀ ਦਿਨਚਰਯਾ ਤੋਂ ਫ਼ਾਰਗ਼ ਹੋ ਜਦੋਂ ਸ੍ਰੀ ਸਤਿਗੁਰੂ ਜੀ ਸਾਡੇ ਨਾਲ ਪੁਸਤਕ ਪਾਠ ਹਿਤ ਬੈਠਕ ਵਾਸਤੇ 69 ਨੰ. ਕਮਰੇ ਵਿੱਚ ਆਏ ਤਾਂ ਆਪ ਜੀ ਨੇ ਵਿਸ਼ੇਸ਼ ਕਰਕੇ ਡਾਲਟਨਗੰਜ ਵਾਲੇ ਭਰਾਵਾਂ ਨੂੰ ਪੁਸਤਕ ਪਾਠ ਸਮੇਂ, ਸੁਣਨ ਲਈ ਬੁਲਾਇਆ। ਏਥੇ ਹੀ, ਸ. ਜਵਾਹਰ ਸਿੰਘ ਸਪੁੱਤਰ ਸੰਤ ਹਰਨਾਮ ਸਿੰਘ (ਕਾਮੋਕੀ) ਦਿੱਲੀ ਵਾਲੇ ਨੇ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿੱਚ 10,000/- ਦੇ ਨਵੇਂ ਨੋਟਾਂ ਦੀ ਥਹੀ ਰੱਖ ਕੇ ਮੱਥਾ ਟੇਕੀ। ਸਤਿਗੁਰੂ ਜੀ ਨੇ ਏਨੇ ਪੈਸੇ ਵੇਖ ਸਿੱਖ ਨੂੰ ਪੁਛਿਆ : ਕਾਹਦੇ ਨੇ ਜਵਾਹਰ ਸਿੰਘਾ? ਸਿੱਖ ਨੇ ਹੱਥ ਜੋੜ, ਪਰ ਥੋੜ੍ਹਾ ਘੁਮੰਡ ਨਾਲ ਅਰਜ਼ ਕੀਤੀ : ਆਪ ਜੀ ਵਲੋਂ ਜੋ ਰਕਮ ਦੇਣ ਦੀ ਆਗਿਆ ਹੈ, ਮੈਂ ਉਹ ਇੰਜ, ਹਰ ਮਹੀਨੇ ਨਹੀਂ ਦੇ ਸਕਦਾ। ਇਹ ਮੈਂ ਇਕੱਠੀ ਲਿਆ ਦਿੱਤੀ ਹੈ। ਅੱਗੋਂ ਮਤਾਂ ਮੇਰੇ ਤੋਂ ਬਚਨ ਪੂਰਾ ਨ ਹੋਵੇ, ਨਾਲੇ ਅੱਗੋਂ ਤੋਂ ਮੇਰੀ ਦੇਣਦਾਰੀ ਖ਼ਤਮ ਕੀਤੀ ਜਾਵੇ।

ਸ੍ਰੀ ਸਤਿਗੁਰੂ ਜੀ ਦੇ ਖਜ਼ਾਨਚੀ ਪੂਰਬਾ ਨੇ ਨੋਟਾਂ ਦੀ ਥਹੀ ਚੁੱਕ ਕੇ ਸੰਭਾਲ ਲਈ। ਸ੍ਰੀ ਸਤਿਗੁਰੂ ਜੀ ਬਚਨ ਕੀਤਾ : ਜਵਾਹਰ ਸਿੰਘ, ਤੂੰ ਚਾਹੁੰਦਾ ਹੈਂ ਸਾਡੇ ਨਾਲੋਂ ਸਾਂਝ ਮੁਕਾਣੀ, ਪਰ ਅਸਾਂ ਨਹੀਂ ਮੁੱਕਣ ਦੇਣੀ। ਇਸ ਰਕਮ ਤੇਰੀ ਸਾਲ ਵਾਸਤੇ ਆ ਗਈ। ਬਾਂਹ ਸਰਾਣੇ ਰੱਖ ਕੇ ਸੌਂ ਜਾ ਅੱਗੋਂ ਫੇਰ ਸਹੀ।

ਸਤਿਗੁਰੂ ਜੀ ਨੇ ਮੈਨੂੰ ਸਮਝਾਇਆ : ਹਾਕੀ ਵਾਲੇ ਮੁੰਡਿਆਂ, ਕਲਾਕਾਰਾਂ ਅਤੇ ਹੋਰਨਾਂ ਨੂੰ ਜੋ ਰਕਮਾਂ ਦਿੱਤੀਆਂ ਜਾਂਦੀਆਂ ਹਨ, ਉਹਨਾਂ ਲਈ ਵੱਖ-ਵੱਖ ਸਿੰਘਾਂ ਨੂੰ ਕਹਿ ਰੱਖਿਆ ਹੈ। ਇਹ ਰਕਮ ਓਸੇ ਵਿੱਚੋਂ ਹੈ। ਇਹ ਤਾਂ ਇੱਕੋ

ਵਾਰ ਦੇ ਕੇ ਗੱਲ ਮੁਕਾਉਣਾ ਚਾਹੁੰਦਾ ਹੈ ਪਰ ਅਸਾਂ ਤਾਂ ਜਵਾਹਰ ਸਿੰਘ ਨਾਲ ਗੱਲ ਨਹੀਂ ਨਾ ਮੁਕਾਣੀ !

**23 ਅਕਤੂਬਰ 1986, ਵੀਰਵਾਰ**

**ਸ੍ਰੀ ਭੈਣੀ ਸਾਹਿਬ**

**ਮੌਨ ਦਿਵਸ –** ਸ੍ਰੀ ਸਤਿਗੁਰੂ ਜੀ ਅਤੇ ਸੰਗਤ ਦਾ, ਵੀਰਵਾਰ ਹੋਣ ਕਰਕੇ ਅੱਜ ਮੌਨ ਦਿਹਾੜਾ ਹੈ। ਅਰਥਾਤ ਕਿਸੇ ਬੋਲਣਾ ਨਹੀਂ। ਵਿਹਾਰ ਹੁੰਦੇ ਰਹਿਣਗੇ, ਵਿਅਕਤੀ ਘੱਟ ਤੋਂ ਘੱਟ ਬੋਲਣਗੇ। ਪਰ ਪ੍ਰਯੋਗ ਵਿੱਚ ਸ਼ਾਮਲ ਇਸਤਰੀ ਪੁਰਸ਼ ਤਾਂ ਬਿਲਕੁਲ ਚੁੱਪ ਰਹਿਣਗੇ। ਇਸ਼ਾਰਿਆਂ ਨਾਲ ਜ਼ਰੂਰਤ ਦੀ ਗੱਲ ਸਮਝਾਣਗੇ ਤਾਂ ਵੀ ਆਸਾ ਦੀ ਵਾਰ ਦਾ ਕੀਰਤਨ ਅਤੇ ਲਉਢੇ ਪਹਿਰ ਦੇ ਦੀਵਾਨ ਸੱਜਣਗੇ।

**ਪੱਕਾ ਨੈੱਟ-ਬਾਲ –** ਆਸਾ ਦੀ ਵਾਰ ਸਮੇਂ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰ, ਮੈਂ, ਸੰਤ ਜਗਤਾਰ ਸਿੰਘ-ਬਲਦੇਵ ਸਿੰਘ ਕਾਕੂ ਹੁਰਾਂ ਨਾਲ ਸੰਤ ਅਵਤਾਰ ਸਿੰਘ ਸਿਆਹੜ ਸਪੁਰਦ ਟਰੱਕ ਮਾਰੂਤੀ ਮਾਜ਼ਦਾ ਤੇ ਲੁਧਿਆਣੇ ਗਿਆ।ਮੇਰੇ ਨਾਲ ਜਾਣ ਵਾਲਿਆਂ ਨੇ ਵਾਲੀਬਾਲ ਮੈਦਾਨ ਲਈ ਲੋਹੇ ਦੇ ਪੋਲ ਅਤੇ ਨਵਾਂ ਨੈੱਟ ਤੇ ਬਾਲ ਲਿਆਉਣਾ ਸੀ। ਅੱਜਕਲ੍ਹ ਵਾਲੀਬਾਲ ਖੇਡਣ ਵਾਲੀ ਪੈਲੀ ਨੂੰ ਬਾਕਾਇਦਾ ਖੇਡ ਮੈਦਾਨ ਬਣਾ ਦਿੱਤਾ ਗਿਆ ਹੈ। ਖੇਡਣ ਦੀ ਜਗਹ ਛੱਡ ਬਾਕੀ ਦੀ ਜਗਹ ਘਾਹ ਲਗਾ ਦਿੱਤਾ ਗਿਆ ਹੈ।

**ਮਹੰਤ ਗੋਪਾਲ ਦਾਸ –** ਪਿੰਡ ਲਖਪੁਰ ਜ਼ਿਲ੍ਹਾ ਲੁਧਿਆਣਾ ਦੀ ਧਰਮਸਾਲ ਦੇ ਮਹੰਤ ਸ੍ਰੀ ਗੋਪਾਲ ਦਾਸ (ਨੇਤ੍ਰਹੀਣ) ਜੀ ਆਪਣੇ ਸੇਵਕਾਂ ਨਾਲ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਲਉਢੇ ਪਹਿਰ ਦੇ ਦੀਵਾਨ ਵਿੱਚ ਆਏ। ਮਹੰਤ ਜੀ ਨੂੰ ਦੱਸਿਆ ਗਿਆ ਕਿ ਮੌਨ ਹੋਣ ਕਰਕੇ ਬਚਨ ਬਿਲਾਸ ਨਹੀਂ ਹੋ ਸਕਣਗੇ। ਮਹੰਤ ਜੀ ਨੇਤ੍ਰਾਂ ਨਾਲ ਦਰਸ਼ਨ ਕਰ ਸਕਦੇ ਤਾਂ ਬਹੁਤ ਚੰਗਾ ਰਹਿੰਦਾ ਪਰ ਕੰਨਾਂ ਦੁਆਰਾ ਸਤਿਗੁਰੂ ਜੀ ਦੇ ਬਚਨ ਨ ਸੁਣ ਸਕਣਾ ਉਨ੍ਹਾਂ ਲਈ ਵਿਯੋਗ ਸੀ। ਤਾਂ ਵੀ ਮਹੰਤ ਜੀ ਨੇ ਸੇਵਕਾਂ ਸਮੇਤ ਨਾਮ ਸਿਮਰਨ ਤੇ ਕੀਰਤਨ ਦੇ ਸਮੇਂ ਬੈਠਕੇ ਆਨੰਦ ਲਿਆ। ਇਹ ਮਹੰਤ ਜੀ ਸ. ਨਿਰਮਲ ਸਿੰਘ ਇੰਜੀਨੀਅਰ ਭੈਣੀ ਸਾਹਿਬ ਦੇ ਸਹੁਰੇ ਪਿੰਡ ਦੇ ਹਨ। ਇਹਨਾਂ ਨੇ ਸਰਦਾਰ ਜੀ ਨੂੰ ਕਹਿ ਰੱਖਿਆ ਸੀ ਜਦੋਂ ਸਤਸੰਗ ਹੋਵੇ ਦੱਸਣਾ। ਸੋ ਅੱਜ ਇਸ ਦੀਵਾਨ ਵਿੱਚ ਪਧਾਰੇ। ਸ੍ਰੀ ਸਤਿਗੁਰੂ ਜੀ ਨੂੰ ਨਮਸਕਾਰ ਕਰ ਵਿਸ਼ੇਸ਼ ਵਿਅਕਤੀਆਂ ਵਿੱਚ ਬੈਠੇ। ਸ੍ਰੀ ਸਤਿਗੁਰੂ ਜੀ ਦੇ ਸੰਗੀਤ ਤੋਂ ਬਹੁਤ ਪ੍ਰਭਾਵਿਤ ਹੋਏ।

**ਪੈਟਰੋਲ ਪੰਪ ਦੀ ਖੁਸ਼ੀ ਵਿੱਚ –** ਕੱਲ੍ਹ ਸ਼ਾਮੀਂ ਸ. ਚਰਨਜੀਤ ਸਿੰਘ ਬਸੀ, ਮੇਰੇ ਮਿੱਤਰ ਸੰਤ ਬਖ਼ਸ਼ੀਸ਼ ਸਿੰਘ ਚੰਡੀਗੜ੍ਹ ਦਾ ਭਾਈ, ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿੱਚ ਹਾਜ਼ਰ ਹੋ ਕੇ ਸੇਬਾਂ ਦੀ ਪੇਟੀ, ਸੁੱਕੇ ਮੇਵੇ, ਮਿਠਾਈ ਦੇ ਡੱਬੇ ਤੇ ਕੁਛ ਨਕਦੀ ਧਰਕੇ ਮੱਥਾ ਟੇਕਿਆ ਅਤੇ ਬੇਨਤੀ ਕੀਤੀ : ਆਪ ਜੀ ਦੀ ਕਿਰਪਾ ਹੋਵੇ, ਵਿਹਾਰ ਵਿੱਚ ਸਫ਼ਲਤਾ ਮਿਲੇ। ਸ੍ਰੀ ਸਤਿਗੁਰੂ ਜੀ ਨੇ ਖੁਸ਼ੀਆਂ ਬਖ਼ਸ਼ੀਆਂ। ਬਾਅਦ ਵਿੱਚ ਚਰਨਜੀਤ ਸਿੰਘ ਨੇ ਮੈਨੂੰ ਦੱਸਿਆ : ਸ੍ਰੀ ਸਤਿਗੁਰੂ ਜੀ ਦੀ ਅਪਾਰ ਬਖਸ਼ਿਸ਼ ਹੋਈ ਹੈ। ਸਾਨੂੰ ਪੰਜਾਬ ਦੇ ਹਰਿਆਣਾ ਨਾਲ ਲੱਗਦੇ ਬਾਰਡਰ ਤੇ ਸਰਾਇ ਸ਼ੰਭੂ ਵਿਖੇ ਸਾਨੂੰ ਪੈਟਰੋਲ ਪੰਪ ਦੀ ਸਰਕਾਰੀ ਤੌਰ ਤੇ ਆਗਿਆ ਮਿਲ ਗਈ ਹੈ। ਨਾਮਧਾਰੀ ਫਿਲਿੰਗ ਸਟੇਸ਼ਨ ਨਾਂ ਰੱਖਕੇ ਧੰਧਾ ਕਰਾਂਗੇ। ਸਤਿਗੁਰਾਂ ਨੇ ਇਹ ਮੋਰਚਾ ਫਤਹਿ ਕਰਨ ਵਿੱਚ ਬਹੁਤ ਸਹਾਇਤਾ ਕੀਤੀ ਹੈ।

**24 ਅਕਤੂਬਰ 1986, ਸ਼ੁੱਕਰਵਾਰ**

**ਸ੍ਰੀ ਭੈਣੀ ਸਾਹਿਬ**

**ਪਿਤਾ ਦੀ ਯਾਦ ਵਿੱਚ ਜਲੇਬੀਆਂ –** ਆਸਾ ਦੀ ਵਾਰ ਦੇ ਸੁਕੀਰਤਨ ਪਿੱਛੋਂ ਸਾਧ ਸੰਗਤ ਨੂੰ ਅੱਜ ਦੇਸੀ ਘਿਉ ਦੀਆਂ ਜਲੇਬੀਆਂ ਦਾ ਲੰਗਰ ਵਰਤਿਆ। ਅਜਿਹੇ ਸਮੇਂ ਸੱਚੇ ਪਾਤਸ਼ਾਹ ਵਰਤਾਉਣ ਦੀ ਆਪ ਕਿਰਪਾ ਕਰਿਆ ਕਰਦੇ ਹਨ। ਅੱਜ ਦਾ ਲੰਗਰ ਸਾਡੇ ਸਹਿਪਾਠੀ ਸ. ਜਵਾਹਰ ਸਿੰਘ ਦਿੱਲੀ (ਕਾਮੋਕੀ) ਨੇ ਆਪਣੇ ਪਿਤਾ ਸੰਤ ਹਰਨਾਮ ਸਿੰਘ ਜੀ ਦੀ ਯਾਦ ਵਿੱਚ ਕਰਵਾਇਆ ਹੈ। ਅਜਿਹੇ ਸਮੇਂ ਸੰਤ ਪਿਆਰਾ ਸਿੰਘ ਨਾਥ, ਗੁਰੂ ਕੇ ਮੋਦੀ ਨੂੰ, ਰਕਮ ਦੇ ਦਿੱਤੀ ਜਾਂਦੀ ਹੈ, ਉਹ ਦੇਸੀ ਘਿਉ ਅਤੇ ਬਾਕੀ ਰਾਸ਼ਨ ਦਾ ਪ੍ਰਬੰਧ ਕਰਕੇ ਮਹਿੰਦਰ ਸਿੰਘ ਦਮਦਮਾ ਦੀ ਟੀਮ ਤੋਂ ਮਠਿਆਈ ਤਿਆਰ ਕਰਵਾਂਦੇ ਹਨ।

**ਚੱਲ ਕੇ ਰਵਾਲਸਰ ਰਹੁ –** ਅੱਜ ਸਵੇਰੇ ਪੁਸਤਕ ਪਾਠ ਦੇ ਦੌਰਾਨ, ਸਮਾਪਤੀ ਸਮੇਂ ਸ੍ਰੀ ਸਤਿਗੁਰੂ ਜੀ ਨੂੰ ਸ. ਜਵਾਹਰ ਸਿੰਘ ਦਿੱਲੀ ਨੇ ਬੇਨਤੀ ਕੀਤੀ : ਸਾਡੇ ਪਿਤਾ ਜੀ ਨੇ ਰਵਾਲਸਰ (ਹਿਮਾਚਲ ਪ੍ਰਦੇਸ਼) ਵਿਖੇ ਭਾਣੇ ਨੂੰ ਮੁੱਖ ਰੱਖ ਇੱਕ ਕਮਰਾ ਪਾਇਆ ਸੀ। ਮੈਂ ਉਹਦੀ ਮੁਰੰਮਤ ਵਗੈਰਾ ਲਈ ਰਵਾਲਸਰ ਗਿਆ ਤਾਂ ਪਤਾ ਲੱਗਾ ਕਿ ਉਹ ਜ਼ਮੀਨ ਹੀ ਵੇਚ ਦਿੱਤੀ ਗਈ ਹੈ।

ਸਤਿਗੁਰੂ ਜੀ ਨੇ ਬਚਨ ਕੀਤਾ : ਜਿਸਦੀ ਉਹ ਜ਼ਮੀਨ ਸੀ ਜੇ ਉਸਨੇ ਵੇਚ ਦਿੱਤੀ ਹੈ ਤਾਂ ਅਸੀਂ ਕੀ ਕਰ ਸਕਦੇ ਹਾਂ। ਹਾਂ, ਜੇ ਤੂੰ ਕਮਰਾ ਬਣਵਾ ਕੇ ਵਿੱਚ ਆ ਰਹੇਂ ਤਾਂ ਦੂਣੇ ਮੁੱਲੋਂ ਵੀ ਵੇਚੀ ਜਗ੍ਹਾ ਖਰੀਦ ਕੇ ਤੈਨੂੰ ਦਿੱਤੀ ਜਾ ਸਕਦੀ ਹੈ।

**ਕੱਲ੍ਹਾ ਪਨਿਹਾਰੀ ਵਿੱਚ ਖਲਾ –** ਥੋੜ੍ਹਾ ਜਿਹਾ ਸਮਾਂ

ਸ. ਜਸਵੰਤ ਸਿੰਘ ਕੱਲ੍ਹਾ ਨਾਲ ਤੁਰਨ ਦਾ ਮਿਲਿਆ। ਉਸ ਤੋਂ ਪਤਾ ਲੱਗਾ ਕਿ ਉਹ ਪਿਛਲੇ ਕੁਛ ਮਹੀਨੇ ਮਾਤਾ ਜੀ ਦੇ ਹੁਕਮ ਨਾਲ, ਮਾਤਾ ਜੀ ਦੇ ਕੁੜਮਾਂ ਦੇ ਪਿੰਡ ਪਨਿਹਾਰੀ (ਸਰਸਾ) ਵਿਖੇ ਜਾ ਕੇ ਆਇਆ ਹੈ। ਓਥੇ ਬੀਬਾ ਜੀ-ਜਗਤਾਰ ਸਿੰਘ ਹੁਰਾਂ ਵਾਸਤੇ ਨਵਾਂ ਮਕਾਨ ਉਸਾਰਨਾ ਸੀ, ਉਸਦੀ ਜ਼ਿਮੇਵਾਰੀ ਇਸਨੂੰ ਦਿੱਤੀ ਗਈ ਸੀ। ਸੰਤ ਕੱਲ੍ਹੇ ਨੇ ਦੱਸਿਆ : ਇੱਕ ਦਿਨ ਮੈਨੂੰ ਵਿਚਾਰ ਆਇਆ, ਮੈਂ ਆਪਣੀਆਂ ਘਰੋਗੀ ਜ਼ਿਮੇਵਾਰੀਆਂ ਤਿਆਗ ਕੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨਾਂ ਦੀ ਕਾਮਨਾ ਨਾਲ ਉਹਨਾਂ ਪਾਸ ਆਇਆ ਹੋਇਆ ਜੇ ਮੈਂ ਅਜਿਹੇ ਚੱਕਰਾਂ ਵਿੱਚ ਹੀ ਪੈਣਾ ਸੀ ਤਾਂ ਆਪਣਾ ਕਾਰੋਬਾਰ ਨ ਵਧਾ ਲੈਂਦਾ, ਦਰਸ਼ਨਾਂ ਤੋਂ ਏਨੀ ਦੂਰ ਰਹਿਣਾ ਖਟਕਦਾ ਹੈ। ਪਰ ਉਸੇ ਰਾਤ ਮੈਨੂੰ ਐਨਾ ਭਿਆਨਕ ਸੁਪਨਾ ਆਇਆ ਕਿ ਜੇ ਸਤਿਗੁਰੂ ਮੇਰੀ ਮਦਦ ਨਾ ਕਰਨ ਤਾਂ ਕਿਤੇ ਵੀ ਸੁੱਖ ਨਹੀਂ ਅਤੇ ਇੱਕ ਦਿਨ ਅੰਮ੍ਰਿਤ ਵੇਲੇ ਪ੍ਰਤੱਖ ਰੂਪ ਵਿੱਚ ਸਤਿਗੁਰੂ ਜਗਜੀਤ ਸਿੰਘ ਜੀ ਮੈਨੂੰ ਉਠਾਕੇ ਲੈ ਤੁਰੇ, ਪਿਆਰ ਕੀਤਾ ਮਾਨਸਿਕ ਤ੍ਰਿਪਤੀ ਕੀਤੀ ਤੇ ਛੱਡ ਗਏ।..... ਪਤਾ ਨਹੀਂ ਉਸ ਦਿਨ 'ਕੱਲੇ ਹੀ ਕਿਧਰੋਂ ਆ ਗਏ ਤੇ ਕਿੱਧਰ ਚਲੇ ਗਏ।

**ਮੰਡੀ ਹਿਮਾਚਲ ਵਲੋਂ ਸਹਾਇਤਾ –** ਅੱਜ ਜਦੋਂ ਪ੍ਰਸ਼ਾਦਾ ਛਕਣ ਲੱਗਿਆਂ ਬੀਬੀ ਸਵਰਣ ਕੌਰ ਨੂੰ ਪੀਪੇ ਨਾਲ ਘੁਲਦਿਆਂ ਵੇਖਿਆ ਤਾਂ ਮੈਂ ਆਓ ਭਗਤ ਲੰਗਰ ਪ੍ਰਬੰਧਕਾਂ ਨੂੰ ਪੁੱਛ ਹੀ ਲਿਆ : ਕੀ ਹੈ ਇਸ ਪੀਪੇ ਵਿੱਚ ਜੁ ਹਾਕਲ ਬਾਕਲ ਹੋ ਰਹੇ ਹੋ ਤੇ ਇਹ ਤੁਹਾਥੋਂ ਅੰਦਰ ਨਹੀਂ ਰੱਖਿਆ ਜਾਂਦਾ? ਬੀਬੀ ਨੇ ਦੱਸਿਆ : ਮੈਂ ਵੀ ਹਿਮਾਚਲ ਦੀ ਸਾਧ ਸੰਗਤ ਵਲੋਂ ਸ੍ਰੀ ਭੈਣੀ ਸਾਹਿਬ ਦੀਆਂ ਜ਼ਰੂਰਤਾਂ ਲਈ 50 ਪੀਪੇ ਅਚਾਰ ਆਇਆ ਹੈ। ਨਾਥ ਜੀ ਵਲੋਂ ਇੱਕ ਪੀਪਾ ਆਓ ਭਗਤ ਵਾਲਿਆਂ ਨੂੰ ਭੇਜਿਆ ਗਿਆ ਹੈ।

ਏਨੇ ਨੂੰ ਇੱਕ ਹੋਰ ਨੌਜਵਾਨ ਆ ਗਿਆ ਤੇ ਅਚਾਰ ਦਾ ਪੀਪਾ ਸਟੋਰ ਵਿੱਚ ਟਿਕਾ ਦਿੱਤਾ ਗਿਆ।

**ਨਵੇਂ ਆਏ –** ਕੱਲ੍ਹ ਸ਼ਾਮ ਦੇ ਹੰਸਪਾਲ ਜੀ ਅਤੇ ਅੱਜ ਮਾ. ਨਿਹਾਲ ਸਿੰਘ ਜੀ ਪੰਥ ਰਤਨ ਮੇਲੇ ਦੀ ਰੌਣਕ ਦਾ ਸ਼ਿੰਗਾਰ ਹਨ। ਪੰਥ ਰਤਨ ਜੀ ਨੇ 22-10 ਨੂੰ ਸਵੇਰੇ 8.15 ਤੇ ਦਿੱਲੀਓਂ ਆਪਣਾ ਭਾਸ਼ਣ ਬ੍ਰਾਡਕਾਸਟ ਕਰਵਾਇਆ, ਭਾਸ਼ਣ ਜੁ ਆਜ਼ਾਦ ਹਿੰਦ ਬਾਰੇ ਸੀ। ਹੋਰ ਸਾਧ ਸੰਗਤ ਵੀ ਗੁਰੱਪਾਂ ਦੇ ਰੂਪ ਵਿੱਚ ਆ ਰਹੀ ਹੈ। ਸਤਿਜੁਗ ਸੰਪਾਦਕ ਸਨਖਤਰਾ ਵੀ ਅੱਜ ਪਹੁੰਚ ਗਿਆ ਹੈ। ਹੁਣ ਸਾਡਾ ਪੁਸਤਕ-ਪਾਠਕਾਂ ਦਾ ਗੁੱਟ ਚਹੁੰ ਜਣਿਆਂ ਦਾ ਹੋ ਗਿਆ ਹੈ।

**ਬਿਮਾਰ ਹਰਦੀਪ ਸਿੰਘ –** ਬੀਤੇ ਦਿਨੀਂ ਸੰਤ ਨਗਰ ਦੇ ਨੰਬਰਦਾਰ ਸ. ਗੁਰਬਖਸ਼ ਸਿੰਘ ਆਪਣੇ ਪੁੱਤਰ ਸੰਤੋਖ ਸਿੰਘ ਦੇ ਦਾਮਾਦ ਸੰਤ ਹਰਬੰਸ ਸਿੰਘ ਘੁੱਲਾ ਦੇ ਘਰੋਂ ਨਿਕਲਦੇ ਮਿਲੇ ਤਾਂ ਉਨ੍ਹਾਂ ਤੋਂ ਪਤਾ ਲੱਗਾ ਕਿ ਉਹਨਾਂ ਦਾ ਛੋਟਾ ਭਾਈ ਸੰਤ ਸਰੂਪ ਸ. ਹਰਦੀਪ ਸਿੰਘ ਕਿਸੇ ਨਾਮੁਰਾਦ ਬਿਮਾਰੀ ਦਾ ਸ਼ਿਕਾਰ ਹੈ। ਪੇਟ ਜਾਂ ਗੁਰਦੇ ਦੀ ਤਕਲੀਫ ਨੇ ਭਜਨ ਕਰਨ ਵਾਲੇ ਸਾਧੂ ਸੁਭਾਈ ਹਰਦੀਪ ਸਿੰਘ ਨੂੰ ਬੇਹਾਲ ਕਰ ਛੱਡਿਆ ਹੈ। ਸ੍ਰੀ ਸਤਿਗੁਰੂ ਜੀ ਦੀ ਆਗਿਆ ਅਨੁਸਾਰ ਉਹ ਏਥੋਂ ਆ ਕੇ ਕੁਰਾਲੀ ਵਾਲੇ ਵੈਦ ਤੇਜਾ ਸਿੰਘ ਪਾਸ ਵੀ ਗਏ। ਫੇਰ ਕਿਸੇ ਉਪਰੇਸ਼ਨ ਦੀ ਲੋੜ ਭਾਸੀ ਤਾਂ ਲੁਧਿਆਣੇ ਤੋਂ ਉਪਰੇਸ਼ਨ ਵੀ ਕਰਵਾ ਲਿਆ। ਅਰੋਗ ਹੋ ਕੇ ਹੁਣ ਘਰ ਸੰਤ ਨਗਰ (ਸਰਸਾ) ਚਲੇ ਗਏ ਹਨ। ਪਰ ਏਨੇ ਦਿਨ ਗੁਰੂ ਕੇ ਹਜ਼ੂਰੀ ਰਾਗੀ ਸ੍ਰੀ ਘੁੱਲਾ ਤੇ ਉਹਦੀ ਪਤਨੀ ਸੁਖਜਿੰਦਰ ਨੇ ਰੋਗੀ ਅਤੇ ਉਸਦੇ ਹਿਫਾਜ਼ਤੀਆਂ ਦੀ ਰੱਜ ਕੇ ਸੇਵਾ ਕੀਤੀ।

### 25 ਅਕਤੂਬਰ 1986, ਸ਼ਨੀਵਾਰ
### ਸ੍ਰੀ ਭੈਣੀ ਸਾਹਿਬ

**ਮਗਨ ਮਸਰੂਫ਼ –** ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਪ੍ਰਯੋਗ ਸਮੇਂ ਦੇ ਆਪਣੇ ਸਾਰੇ ਕਾਰਜ ਕਰਮ ਨਿੱਤ ਵਾਂਗ ਨਿਰਵਿਘਨ ਸੰਪੂਰਨ ਕੀਤੇ। ਆਪ ਜੀ ਦਾ ਇੱਕ ਇੱਕ ਪਲ ਅੱਕ ਕੱਲ੍ਹ ਬੜਾ ਪੀਚਵਾਂ ਹੈ। ਅਲਪ ਆਹਾਰ, ਸੁ-ਅਲਪ ਨਿੰਦਰਾ, ਅਲਪ ਬਚਨ, ਗੱਲ ਕੀ ਸਭ ਕੁਝ ਹੀ ਅਲਪ ਪਰ ਇੱਕ ਚੀਜ਼ ਨਾ-ਅਲਪ ਹੈ ਅਤੇ ਹੈ ਨਾਮ ਦਾ ਜਾਪ। ਤਪੱਸਿਆ ਭਰੀ ਰਿਦਨਚਰਯਾ ਵਿੱਚ ਵਿਚਰਦਿਆਂ ਵੀ ਆਪ ਜੀ ਦਾ ਮੁਖ-ਮੰਡਲ ਤੇਜ਼ਮਈ ਹੈ। ਸ਼ੁੱਧਲਹੂ ਦੀ ਚਮਕ ਆਪ ਜੀ ਦੇ ਹਸਤ ਕਮਲਾਂ, ਚਰਨ ਪਦਮਾਂ ਵਿੱਚ ਵੀ ਵੇਖੀ ਜਾ ਸਕਦੀ ਹੈ।

**ਮੰਡੀ ਵਿੱਚ ਵੀ ਜਪ ਪ੍ਰਯੋਗ –** ਮੰਡੀ ਦੇ ਸੰਤ ਜਸਵੰਤ ਸਿੰਘ ਹਲਵਾਈ ਨੇ ਕੱਲ੍ਹ ਤੋਂ ਦੇਸੀ ਘਿਉ ਦੀਆਂ ਮਿਠਾਈਆਂ ਦੀ ਦੁਕਾਨ ਠੇਕੇਦਾਰ ਨਾਹਰ ਸਿੰਘ ਭੈਣੀ ਸਾਹਿਬ ਦੇ ਕਮਰਿਆਂ ਵਿੱਚ ਮੇਨ ਸੜਕ ਤੇ ਖੋਲ੍ਹ ਰੱਖੀ ਹੈ। ਮੈਂ ਅਤੇ ਜਸਵਿੰਦਰ ਸਿੰਘ ਪਕੌੜਿਆਂ ਦੀ ਤਲਬ ਨਾਲ ਗਏ ਤਾਂ ਸੰਤ ਜਸਵੰਤ ਸਿੰਘ ਨੇ ਦੱਸਿਆ : ਮੰਡੀ ਵਿਖੇ ਹਿਮਾਚਲ ਦੀ ਸੰਗਤ ਨੇ ਮਿਲ ਕੇ ਭੈਣੀ ਸਾਹਿਬ ਵਾਂਗ ਹੀ ਜਪ ਪ੍ਰਯੋਗ ਜਾਰੀ ਕੀਤਾ ਹੋਇਆ ਹੈ। ਢਾਈ ਸੌ ਤੋਂ ਵੱਧ ਇਸਤਰੀ ਪੁਰਸ਼, ਬਿਰਧ ਬੱਚੇ, ਰੋਜ਼ਾਨਾ ਅੱਧੀ ਰਾਤੋਂ ਇਸ਼ਨਾਨ ਕਰ ਇਸ ਪ੍ਰਯੋਗ ਵਿੱਚ ਭਾਗ ਲੈਂਦੇ ਹਨ। ਸੂਬਾ ਜੈਮਲ ਸਿੰਘ ਜੀ ਦੀ ਨਿਗਰਾਨੀ ਹੇਠ ਨਾਮਧਾਰੀ ਧਰਮਸਾਲਾ ਵਿੱਚ ਵਿਧੀ ਪੂਰਣ ਭਜਨ ਪਾਠ ਹੋ ਰਿਹਾ ਹੈ। ਅੱਠ ਘੰਟੇ ਭਜਨ ਰੋਜ਼ਾਨਾ ਕੀਤਾ ਜਾਂਦਾ ਹੈ, ਏਥੋਂ ਵਾਂਗੂੰ।

**ਚਲਦਾ.........**

# Sri Satguru Gobind Singh Ji



Suba Surinder Kaur Kharal

Luminance: Poh Sudi 7 Samvat 1723 (22 December 1666)

Place of Luminance: Patna Sahib

Father : Sri Guru Teg Bahadar Ji

Mother : Gujri Ji

Mehal : Jeeto Ji, Sundri Ji, Sahib Deva Ji .

Offsprings : Sahibzade Ajit Singh, Jujhar Singh, Zorawar Singh, Fateh Singh

Enthronement : 12 Magher (Sudi 5) Samvat 1732 (11Novmber, 1675)

Mingled with the Supreme Soul : From Samvat 1732 (1675 to 1708 A.D.) lived as entity of Guru Gobind Singh Ji and from 1765 to 1869 (1708 to 1812 A.D.) lived secretly as Baba Ajapal Singh Ji.

Bani: Jap Sahib, Akal Ustat, Bachittar Natak, Shastar Nam Mala, Chandi di Var, Ugaradanti, Gurindnama, Swaiye, Zafarnama, ChaupaiHe created unfathomed Bani in Punjabi, Hindi, Brij, Sanskrit, Arabic and Persian which is compiled in the Dasam Granth Sahib.

**According** to the condition of that era Tenth Patshah Sri Guru Gobind Singh Ji commanded the Sikhs to be Amritdhari and armed. The master of arrow and sword Sri Guru Gobind Singh Ji's waistband was of two and a half mounds.

The Sikhs were commanded to learn armoury and gifts were also accepted in the form of horses and arms.

During his time Sri Guru Gobind Singh Ji got constructed many forts. He got manufactured a Ranjit Nagara about which the creator of The Mahan Kosh Bhai Kahn Singh states :

The Nagara of Sri Guru Gobind Singh Ji, which used to be beaten in front of the riding carriage, 'The Guru Ghar ko Ranjit Nagara' This Nagara was manufactured in Samvat 1741 at Anandpur.

During those days none else except the emperor could beat the Nagara. In 1670 A.D. Emperor Aurangzeb prohibited the singing of Ragas but Ragas continued to be sung in Sri Guru Gobind Singh Ji's court and Kirtan continued to be performed.

Satguru Ji initiated a tradition of Hola Mahala fair. The increasing fame of Guru Ji started pinching the hill kings, resultantly in the times of Guru Ji he fought many battles with the armies

of hill kings and Mughal Emperor.

Sri Guru Gobind Singh Ji spoketh, " I would create such Sikhs who could be identified in lacs of people." In the year 1699 (Samvat 1756) on the Vaisakhi fair at Anandpur Sahib Sri Guru Gobind Singh Ji baptised five Sikhs with Amrit and created. The Khalsa. Sri Guru Gobind Singh Ji awakened the suppressed masses that is the Nation engrossed in deep slumber. He put life in the innocent people considering themselves to be hapless. He threaded the Hindus in such a loving string, the organising power of whom changed the destiny of India.

Bhai Satokh Singh Ji state in 'Suraj' Parkash' that if Guru Gobind Singh Ji had not done this then what would have happened.

"Chhai jati ekta, anekta balai jati, dhai
jati kuchalta kateban kuran ki,
pap parpak jate, dharam dhsak jate,
varan Garak jate, sehat vidhan ki,
Devi dev dehure Santokh Singh door hote,
rit mit jati katha ved au kuran ki,
Sri Guru Gobind Singh patit pawan sur murti
na hoti jo pai karuna nidhan ki."

Sri Guru Gobind Singh Ji's life of struggles presents the idea of fighting for religious war and preaching the religion remembering the nam side by side. Teaching the life style to the people suffering the cruelties Sri Dashmesh Ji professed that when remembering the nam, all other means of facing the cruel become ineffective then holding the sword and use of power is proper.

The master of the time only Satguru can state when the sword is to be held and when the use of power is to be undertaken. Sri Guru Gobind Singh Ji taught his Sikhs this thing also that without rembering Nam only the power of army cannot protect them. He commanded that Nam should be remembered by awaking at the early dawn and performing ones personal chores, the mind should be kept attached to the Almighty. As such Guru Sahib cautioned his Sikhs to remain cautious in both the field of religion and war.

Guru Gobind Singh Ji fought many battles, but he himself never became the cause of war, nor he ever attacked first on the alleged enemy. The enemies had been attacking him.
Guru Ji was a Sant Sipahi. He always sought the welfare of everybody. Guru Ji was a great proponent of tolerance and unity. According to him, 'Manas ki jat sabhe, ekai pehchanbo' and ' Jin prem kio tin he prabh paiou.'

This was the reason that when he came to know that one of his attendants Bhai Ghanaia was giving water to the wounded enemies, Then he got very happy and embraced him and gave

him ointment also and commanded him to apply ointment to their wounds also.

Guru Gobind Singh Ji commanded the Sikhs to keep the tradition of purity and sacredness.

According to him:

"Ja ki rehet na janie, gurmantar nahi cheet tinka bhojan
khaikei visrai har sieun preat."

"Jahan kahan ka chhkai parsad
Sikh nahin mera aad jugaad."

"Jab lag khalsa rahe niara ॥
tab lag Tej dio main sara ॥
jabai khalsa ral mil jai hai ॥
dharam ka tej kheen sabh havai hai ॥

Guru Gobind Singh was a great literateur. He mainly created spiritual and Bir Rasi literature- There were 52 selected poets in his court.

Dusht Daman, Sant Sipahi, great revolutionary and literary premier Sri Guru Gobind Singh Ji sacrificed for the protection of the Hindu religion and shook the roots of the cruel Mughal rule. In the battles taking place continuously for years, Guru Ji sacrificed his 4 Sahibzade, Mata Gujari and countless Sikhs to protect the religion.

On 7 October 1708 A.D (Samvat 1765 Bikrami) Sri Guru Gobind Singh Ji performed a miracle at Nander. Guru Ji got constructed a pyre and covered it from all sides with Kanats and commanded the Sikhs to keep the Kumait horse ready with its saddle. According to the Panth Parkesh of Giani Gian Singh :

"door konaton sabh Sikh kario
hamri taraf na kou nihrio
pholio hamre nahi angeetha
nahi smadh banaio neetha
jo smadh hamari banwai hai
jag meh teh sarbans na rai hai II".

The description of this incident is in the same form in Bhai Santokh Singh's granth "Suraj Parkash."

The Sikhs remained very uneasy on that whole night. Next day a Sikh came from the horse stable and told that Kumait horse is not there, and Guru Ji has gone somewhere riding that horse.

In the mean time a Sikh coming from the jungle said that he had met Sri Satguru Ji riding on a horse and had commanded that ask Singh's not to wail.

After that the followers coming from Punjab told that they had seen Guru Ji in the jungle riding Kumait horse and fully armed. When the ashes of the pyre were searched Sikhs did not find any mortal remains or any arm from the pyre and Sikhs believed that Guru Ji had gone to some unknown place after enacting this miracle.

After some days from the Sitara Fort situated in that area Guru Ji had released two Rajput brothers Rustam Rao and Bala Rao from the imprisonment who held stirrups of the Kumait horse. Sri Guru Gobind Singh Ji had also helped Banda Bahadur in the battle of Sirhind while leading his secret life.

Before 1753 A.D (Samvat 1810) Guru Ji reached Bhadra and in Samvat 1812 he helped Bhadra's Rajput king Lal Singh. Guru Ji had changed his name to Ajapal Singh. From 1757 to 1761 A.D. Guru Ji kept wandering in the dense forests near Jind for six years. Form 1761 to 1763 A.D he remained at Patiala. And after that remained in the forest of Nabha.

According to an article published in Masak Phulwari being published by Bhai Kahn Singh Ji Nabha, Ajapal Singh alias Guru Gobind Singh used to cover his half face so that he could not be recognised. Here he used to go to the help of Sikhs meeting with some difficulties.

In 1775 A.D (Samvat 1832) Guru Ji helped Natha Singh Dial Singh Shahid, Babe di Ber Sialkot. In 1776 A.D. (Samvat 1833) when last battle of Tureks took place with the Singhs, in which Bedi Baba Ram Singh Ji Kotli was martyred, Satguru ji had reached for help. Sahnchi Khan was killed and Singhs had won the battle.

In 1800 A.D (Samvat 1857) on the request of Raja Patleshwer Sahib Guru Ji reached to his help in Sanaur battle and made him victorious. Raja was able to snatch the canons, ammunition and tentage of the enemy.

Mahant Sumer Singh had written in detail the visit of Kalgidhar Ji to Kabul, Peshawar. On the request of a follower living in Pishour Guru Ji appeared to him and after taking meals wore a dress. In memory of this incident 'Gurudwara Kotha Sahib' is situated in Peshawar.

On Vaisakh Sudi 10 Samvat 1869 when Guru Gobind Singh was on his way from Sarvale to Chhoi, and was busy in prayer at a very solitary place on the bank of a river, ha appeared in person to Baba Balak Nath Ji and presenting 5 paise and a coconut entrusted the Guriai.

On Jeth Sudi 5 Samvat 1869 (1812 A.D) Guru Gobind Singh Ji mingled with the Supreme Soul under the name of Baba Ajapal Singh in the Nabha forest.

# Jin Prem keeo

# Tin He Prabh Pyeo



**Aasa Singh Channa**
**+447883520933**

ਸਾਚੁ ਕਹੋਂ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ॥੯॥੨੯॥

I speak Truth, all should turn their ears towards it: he, who is absorbed in True Love, he would realise the Lord. 9.29.

The verse above has been written by Sri Guru Gobind Singh Ji, the tenth Nanak in this time of *Kalyug* in the Sri Dasam Granth on panna 44.

It is important to establish that the focus of this article will be to look at how one should love Sat Guru Ji. With my current knowledge and understanding I will attempt to explore this topic using a framework with examples from the Sri Adh Guru Granth Sahib.

Reciting the Naam once as a gurmukh is better than intense meditation, sermons, fasts and havans (Panna 265, Astpadi 9, Stanza 1 - Sri Sat Guru Arjan Dev Ji). What does it mean to be a Gurmukh and love my Sat Guru? It is my belief that love will spawn from appreciation. Once we can appreciate how much Sat Guru Ji does behind the scenes in order to make our lives comfortable. One can appreciate the nature of the lord through sangat of a Sadh, Guru, Jathedaar, Suba or Giani.

Bhai Gurdaas Ji writes that the love between a sikh and his Guru transcends all other love stories, the love between a sikh and his Guru is experienced during the early hours of the morning (Vaar 27). Offer up your time during amrit vela to contemplate how the lord has protected, nourished and ensured your happiness.

In order to better understand love, there exists a concept known as evolutionary love and it breaks love into eight different categories. Although love is subjective, and it can be expressed and experienced in different ways the fundamental yearning to see and be with the one you love is universal.

Love Him who grants the hearts every desire and fulfils all hopes. The one who destroys pain and suffering (Panna 706, Jaishri 5 - Sri Guru Arjan Dev Ji).

The first element of love is resource display. We wear a mala around our neck, white kurta pajama and tie a beautiful turban on our head as homage to our Guru, we're emulating their style

because we're attracted to how beautiful our Sat Guru Ji looks. Physically we can dress like this but it isn't enough to just have a beautiful façade.

By adorning the Truth and decorating oneself with the Guru's Shabad does the soul bride become pleasing to her husband Lord

(Panna 399, Asa - Sri Guru Arjan Dev Ji).

ਹਰਿ ਮੇਰੋ ਪਿਰੁ ਹਉ ਹਰਿ ਕੀ ਬਹੁਰੀਆ॥

The Lord is my Husband, and I am the Lord's bride.

ਰਾਮ ਬਡੇ ਮੈ ਤਨ ਕਲਹੁਰੀਆ॥੧॥ਰਹਾਉ॥

The Lord is so great, and I am infinitesimally small. ||1||Pause||

*Panna 483 - Bhagat Kabir Ji*

A resource that we all have regardless of materialistic wealth is breath. If the pearl like mind is strung like a jewel on the thread of each breath then her beloved Lord Husband will look upon her lovingly (Panna 359, Asa 6 - Sri Guru Nanak Dev Ji). One practical example of how breath can be used in such a way is to say Dhan Sri Guru Nanak Dev Ji, Dhan Sri Guru Ram Singh Ji when opening a door, changing gear whilst driving a car, before leaving the house or before starting a meeting at work.

The second element of love is to provide exclusivity. This relates to commitment, faith and confidence in the one you love. This faith and confidence originates from knowing that the one you love is the only one you can rely upon. If you (Lord) are a Lamp then I am the wick, If you are a sacred place of pilgrimage then I am your pilgrim, You (Lord) are my true love, having joined you I have broken all other ties (Panna 659, Raag Sorath – Bhagat Ravidaas Ji).

Do not be like the peacock or the rain bird who only demonstrates its love only whilst it rains, do not be like the bumble bee that forgets it's love for the lotus flower when it closes at sunset but then at sunrise the bumble bees love re-emerges with the opening of the Lotus.

A frog's love with water isn't like the love a fish has for water. The frog comes out of water to breathe air. The frog does not die outside of water. Whereas the love of a true Sikh for his Guru is like fish and water (Panna 442, Kabit 442 - Bhai Gurdaas Ji).

The third element in this framework is support/protection. Being present emotionally and physically for the one you love. Sharing the pain and understanding the hardships and the willingness to help (Panna 94, Majh 4 - Sri Guru Ram Das Ji), after wandering I have come and entered the sanctuary of my beloved (Panna 289, Astpadi 20 - Sri Guru Arjan Dev Ji)

After wondering aimlessly seeking help and support from friends and family the realisation of truth is that only my husband Lord can protect me.

The extension of exclusivity is marriage because it formalises and solidifies commitment to the one you love.

Within the scope of what we're exploring, Sat Guru Ram Das Ji on panna 774, Sat Guru Ji outlines the concept of marriage and what it truly means. Marriage is the unification of two beings into one and is the perfect metaphor for this article. Marriage itself and the commitment you make to your spouse demonstrates the relationship a sikh should have with his Guru.

When will I meet You my Beloved Lord?I cannot endure the night, because without your *darshan*I cannot sleep (Panna 97, Mahj 5 - Sri Guru Arjan Dev Ji).

Yearning for the one you love and constantly thinking and remembering your Husband lord is the state of love between a Sikh and Guru.Bhai Gurdaas Ji describes this intimacy on panna 33 as being like wrap and weft, interwoven tightly with the Husband Lord, inseparable from each other (Sikh and Guru) and constantly thinking of your beloved. The Guru cares for and adores His sikh, and His sikh praises his Husband Lord tirelessly with every breath.

ਵੁਣੈ ਜੁਲਾਹਾ ਤੰਦੁ ਗੰਢਿ ਇਕੁ ਸੂਤੁ ਕਰਿ ਤਾਣਾ ਵਾਣਾ।

By tying the threads, weaver weaves huge warp and weft with a single yarn.

ਦਰਜੀ ਪਾੜਿ ਵਿਗਾੜ ਦਾ ਪਾਟਾ ਮੁਲ ਨ ਲਹੈ ਵਿਕਾਣਾ।

Tailor tears and spoils cloth and torn cloth cannot be sold.

ਕਤਰਣਿ ਕਤਰੈ ਕਤਰਣੀ ਹੋਇ ਦੁਮੂਹੀ ਚੜ੍ਹਦੀ ਸਾਣਾ।

His double-blade honed scissors cuts the cloth.

ਸੂਈ ਸੀਵੈ ਜੋੜਿਕੈ ਵਿਛੁੜਿਆਂ ਕਰਿ ਮੇਲਿ ਮਿਲਾਣਾ।

On the other hand, his needle stiches and the separated pieces are thus reunited.

ਸਾਹਿਬੁ ਇਕੋ ਰਾਹਿ ਦੁਇ ਜਗ ਵਿਚਿ ਹਿੰਦੂ ਮੁਸਲਮਾਣਾ।

That Lord is one but different ways have been created by Hindus and Muslims.

ਗੁਰਸਿਖੀ ਪਰਧਾਨੁ ਹੈ ਪੀਰ ਮੁਰੀਦੀ ਹੈ ਪਰਵਾਣਾ।

The path of Sikhism is superior to both because it accepts an intimate relation between the Guru and the Sikh.

ਦੁਖੀ ਦੁਬਾ ਜਰਿਆਂ ਹੈਰਾਣਾ॥੪॥

The double-minded are always perplexed and thus they suffer.

*Bhai Gurdaas Ji's Vaara  Panna 33*

You Lord are my companion and best friend.You are my beloved and I am in love with you Lord, you are my honour. I cannot survive even for an instant without you.You are my intimate Beloved,You Lord, are my breath of life

(Panna 181, Raag Gauri - Sri Guru Arjan Dev Ji)

Another aspect of love is survival. Evolution itself emphasises the need to survive and one way in which animals (including humans) ensure the survival of their species is through reproduction. Only the fittest survive and desirable traits and characteristics which are advantageous to one's environment thrive and are passed on to the next generation.

Similarly, those of us who nurture Sikh values in accordance with Sat Guru Ji's hukam become liberated and live a peaceful life and pass these values onto future generations.

ਕਛੂ ਆਂਡਾ ਧਿਆਨੁ ਧਰਿ ਕਰਿ ਪਰ ਪਕੁਨ ਦੀ ਵਿਚਿ ਆਣੈ।

Tortoise lays its eggs in the sands but having full care of them on their maturity, it brings them into the river.

ਕੂੰਜ ਰਿਦੈ ਸਿਮਰਣੁ ਕਰੈ ਲੈ ਬਚਾ ਉਡਦੀ ਅਸਮਾਣੈ।

The florican (bird) also under its full care makes its off spring fly in the sky.

ਬਤਕ ਬਚਾ ਤੁਰਿ ਤੁਰਾ ਜਲ ਥਲ ਵਰਤੈ ਸਹਜਿ ਵਿਡਾਣੈ।

The swan also in its very natural way teaches its young ones to move on water as well as on earth.

ਕੋਇਲ ਪਾਲੈ ਕਾਵਣੀ ਮਿਲਦਾ ਜਾਇ ਕੁਟੰਬ ਸਿਞਾਣੈ।

The crow maintains the offspring's of cuckoo but as and when they grow up they (the offspring) identify the voice of their mother and go to meet her.

ਹੰਸ ਵੰਸੁ ਵਸਿ ਮਾਨ ਸਰਿ ਮਾਣਕ ਮੋਤੀ ਚੋਗ ਚੁਗਾਣੈ।

The progeny of swans learn to pick up pearls while living in the Manasarovar, the sacred tank.

ਗਿਆਨਿ ਧਿਆਨਿ ਸਿਮਰਣਿ ਸਦਾ ਸਤਿਗੁਰ ਸਿਖੁ ਰਖੈ ਨਿਰਬਾਣੈ।

Passing on the technique of knowledge, meditation and remembrance to the Sikh, the Guru liberates him forever.

ਭੂਤ ਭਵਿਖਹੁੰ ਵਰਤਮਾਨ ਤ੍ਰਿਭਵਣ ਸੋਝੀ ਮਾਣੁ ਨਿਮਾਣੈ।

The Sikh now knows the future, present and past. The Sikh is honored by becoming humble.

ਜਾਤੀ ਸੁੰਦਰ ਲੋਕੁ ਨ ਜਾਣੈ॥੯॥

This type of gurmukh is grand but people do not know this fact.

*Vaar 11 - Bhai Gurdaas Ji*

Appreciation for the Husband Lord (Sat Guru Ji) can come from understanding the source of one's wealth. Wealth is the root of one's lifestyle, health and wellbeing and we may naively assume that itcomes from parents or an employer however Sat Guru Ji teaches us that the actual source of wealth is Akaal Purakh.

ਨਾਨਕ ਦਾਤਾ ਏਕੁ ਹੈ ਦੂਜਾ ਅਉਰੁ ਨ ਕੋਇ॥

O Nanak, the One Lord alone is the Giver; there is no other at all.

*Guru Amar Das Ji  Panna 65*

Sat Guru Ji wants us to move beyond this cage which is limitingspiritual growth. The Lord Himself is everlasting wealth.

ਕਰਤਾ ਮੰਨਿ ਵਸਾਇਆ॥

I have enshrined the Creator within my mind;

ਜਨਮੈ ਕਾਫਲੁ ਪਾਇਆ॥

I have obtained the fruits of life's rewards.

ਮਨਿ ਭਾਵੰਦਾ ਕੰਤੁ ਹਰਿ ਤੇਰਾ ਥਿਰੁ ਹੋਆ ਸੋਹਾਗੁ ਜੀਉ॥੭॥

If your Husband Lord is pleasing to your mind, then your married life shall be eternal. ||7||

ਅਟਲ ਪਦਾਰਥੁ ਪਾਇਆ॥

I have obtained everlasting wealth;

ਭੈ ਭੰਜਨ ਕੀ ਸਰਣਾਇਆ॥

I have found the Sanctuary of the Dispeller of fear.

ਲਾਇ ਅੰਚਲਿ ਨਾਨਕ ਤਾਰਿਅਨੁ ਜਿਤਾ ਜਨਮੁ ਅਪਾਰ ਜੀਉ॥੮॥੪॥੩੮॥

Grasping hold of the hem of the Lord's robe, Nanak is saved. He has won the incomparable life. ||8||4||38||

*Sat Guru Arjan Dev Ji Panna 133*

My husband Lord shares His wealth with me, even-though I am not perfect He ignores my demerits but still loves me unconditionally. I have fallen in love with my beloved Lord. He has tied a string which cannot be let go or cut. He dwells on my mind day and night, please have mercy on me

(Panna 827, Raag Bilawal – Sri Guru Arjan Dev Ji).

There are millions of people on this planet, each with a set of ideals that they inherit from their parents, grandparents or friends. Whether they are religious or not everyone has a set of ideals or values that they strive for, like treating people with respect, maintaining good hygiene or not lying.

In the same way we as Sikhs have a guide, teacher, Guru who we trust. Sat Guru Ji invests their time and energy into us so that we may live pious and comfortable lives which allow us to merge into Him. In accordance with Sat Guru Nanak Dev Ji's teachings Sat Guru Uday Singh Ji guides us in taking advantage of this life that we have been given to live as good people, recite Naam of the true giver, appreciate what the Husband lord has done and to remember Him always, without the husband lord I have no nobility or honour

(Panna 1268, Malar - Sri Guru Arjan Dev Ji).

These attributes of love provide a framework for us to start exploring what love means in the context of Sikhi, love is subjective and must be experienced. It is your journey of exploration which will lead you to understand how you are interwoven with your Husband Lord.

.............................................................

# A Saga Of
# Sri Satguru Jagjit Singh Ji



**Dr. Sharada Jayagovind**

For the first two years, Satguru ji's whereabouts was a guarded secret. In 1874, Baba Darbara Singh Grewal, a devout Namdhari, managed to get the address of the bungalow in Rangoon where Satguru Ram Singh ji was confined. He sought the permission of Satguru Hari Singh ji to visit Rangoon and meet Satguru Ram Singh ji. Baba Darbara Singh disguised himself as a Pathan and reached Calcutta. From there, he sailed by ship to Rangoon.

The Voyles Road bungalow where Satguru ji was imprisoned was surrounded by a ditch and armed security men kept a strict vigil over it. Yet, Baba Darbara Singh managed to meet the Satguru and narrated to His Holiness the miserable condition of Namdharis under the British rule.

After 1875, a steady stream of disciples started visiting Rangoon to meet the Satguru. It was not an easy journey. They travelled up to Calcutta and boarded the ship to Rangoon. Many a time they disguised themselves as astrologers, traders and priests. Often the Namdharis were caught by the British officers and mercilessly beaten or imprisoned. Nothing deterred the disciples from undertaking this perilous venture as they pined to have a glimpse of their Satguru. Life without His Holiness was unbearable. Even Namdhari women disciples set out on this holy mission. The following verse from the Gurbani captures their intense desire to meet the Satguru:

ਸਮੁੰਦੁ ਸਾਗਰੁ ਹੋਵੈ ਬਹੁ ਖਾਰਾ ਗੁਰਸਿਖੁ ਲੰਘਿ ਗੁਰ ਪਹਿ ਜਾਈ॥

Samund sagar hovai baho khara gursikh langh gur peh jai.

**Even though the oceans and the salty seas are very vast,**
**the Gursikh will cross over it to get to his Guru.**

ਜਿਉ ਪ੍ਰਾਣੀ ਜਲ ਬਿਨੁ ਹੈ ਮਰਤਾ ਤਿਉ ਸਿਖੁ ਗੁਰ ਬਿਨੁ ਮਰਿ ਜਾਈ॥

Jio parani jal bin hai marta tio sikh gur bin mar jai.

**Just as the mortal dies without water, so does the Sikh die without the Guru.**

ਜਿਉ ਧਰਤੀ ਸੋਭ ਕਰੇ ਜਲੁ ਬਰਸੈ ਤਿਉ ਸਿਖੁ ਗੁਰ ਮਿਲਿ ਬਗਸਾਈ॥

Jio dharti sobh kare jal barsai tio sikh gur mil bigsai.

**Just as the earth looks beautiful when the rain falls,**
**so does the Sikh blossom forth meeting the Guru.**

Satguru Ram Singh ji wrote in one of the hukamnamas how the British were scared of him

and feared that he might incite Indians to rebel against the British rule. Hence he warned his disciples not to come in large numbers to meet him at Rangoon as the British would move him to another location. He advised them:

"Please do not visit this place...Instead, spend your time in prayers and reciting the Gurbani."

The British authorities could not put an end to the visitors from India to Rangoon. The continuous and confidential correspondence between Satguru Ram Singh ji and his disciples in India made the British government nervous. As a result, on 18 September, 1880, they shifted him to a special jail in Mergui, Burma. Mergui was a remote island and Satguru ji missed the love of the sangat very much.

After five years of solitary confinement at Mergui, on 29th November 1885, the guards could not find Satguru Ram Singh ji in his cell. He had disappeared without a trace. To avoid public ridicule, the Deputy Commissioner issued a certificate that Satguru ji had died of diarrhoea. This news was rejected by his brother Satguru Hari Singh ji because Satguru Ram Singh ji had warned the sangat not to believe the lies of the white ruler about his death. His Holiness had assured his followers that he would be in human form for two hundred and fifty years. Even today, the Namdhari Sikhs wait for the return of Satguru Ram Singh ji to the motherland.

Inder Singh Chakravarti, the Namdhari historian, states that the deportation of Satguru ji to Rangoon was a fortunate development for natives of Rangoon. Satguru ji "introduced the Khalsa panth... and several people became Singhs due to his charisma." (Source: Joginder Singh, Namdhari Guru Ram Singh, Page 157).

Another celebrated Punjabi exile of the nineteenth century is Maharaja Dalip Singh, the youngest son of Maharaja Ranjit Singh. After the death of Maharaja Ranjit Singh in 1839, the British annexed Punjab and his son Dalip Singh, who was called a "king without a kingdom", was exiled to England in 1853 by the British Government. Dalip Singh spent all his adult life in Europe and the colonial masters did not allow even his mortal remains to reach India.

After the mysterious disappearance of Satguru Ram Singh ji in November 1885 from the Mergui prison in Burma, some of the Namdhari Sikhs who had followed him settled in that country. Some would have moved over to Singapore and Thailand as returning home did not promise freedom, prosperity or security.

Bangkok was the favourite destination of Indian traders and labour in the nineteenth century. The ruler of Thailand, Emperor Rama V, was a progressive thinker who wanted to modernise Thailand. He encouraged the building of railways and efficient roadways. He had visited India to study the development and modernisation of India under the British rule. A large number of men from Madras and Punjab migrated to Thailand during the nineteenth century as there was ample opportunity for skilled labour to procure jobs in the Far Eastern colonies. Before the days of air travel, the Punjabi migrants reached Bangkok through Burma.

**To be continued......**

# ਕਾਵਿ-ਕਿਆਰੀ

## ਘਰ ਘਰ ਜਾਗ ਬਗ਼ਾਵਤ ਦਾ

### ਸ਼ੇਅਰ

ਅਸੀਂ ਉਹੀ ਕਿਰਤੀ ਕਾਮੇ ਆਂ
ਜਿਹਨੂੰ ਨਾਨਕ ਨੇ ਵਡਿਆਇਆ ਸੀ
ਛੱਡ ਰੋਟੀ ਪਾਪੀ ਭਾਗੋ ਦੀ
ਉਹਨੇ ਗਲ਼ ਲਾਲੋਂ ਨੂੰ ਲਾਇਆ ਸੀ
ਫਟੇ ਹਾਲ ਹੀ ਰੁਲਦੇ ਫਿਰਦੇ ਆਂ
ਕੀ ਰੋਈਏ ਕਿਸਮਤ ਖੋਟੀ ਨੂੰ
ਸਾਰਾ ਦਿਨ ਹੱਡ ਤੁੜਾ ਕੇ ਵੀ
ਹੱਥ ਤਰਸੇ ਦੋ ਡੰਗ ਰੋਟੀ ਨੂੰ
ਇਹੋ ਸੁਣਦੇ ਈ ਆਂ ਹਰ ਸਾਲ ਪਿੱਛੋਂ
ਥਾਂ ਥਾਂ ਹੁੰਦੀ ਮੁਨਿਆਦੀ ਜੀ
ਕਦੇ ਅਸੀਂ ਤਾਂ ਆਈ ਵੇਖੀ ਨੀ
ਤੁਸੀਂ ਕਿਸਨੂੰ ਕਹੋਂ ਆਜ਼ਾਦੀ ਜੀ

...............................

### ਗੀਤ

ਤੇਰੇ ਖ਼ਿਆਲੀਂ ਬਣਦੇ ਮਹਿਲਾਂ ਨੂੰ
ਉਸਰਨ ਤੋਂ ਪਹਿਲਾਂ ਢਾਅ ਦੇਣਾ
ਏਥੇ ਘਰ ਘਰ ਜਾਗ ਬਗ਼ਾਵਤ ਦਾ
ਅਸੀਂ ਹਰ ਬੰਦੇ ਨੂੰ ਲਾ ਦੇਣਾ

ਹੜ ਚੜ੍ਹਿਆ ਕਿਰਤੀ ਲੋਕਾਂ ਦਾ
ਜਦ ਮਹਿਲਾਂ ਅੰਦਰ ਵੜ ਜਾਣਾ
ਇਹ ਪੈਰ ਬਿਆਈਆਂ ਪਾਟੇ ਜੋ
ਤੇਰੇ ਤਖ਼ਤ ਤੇ ਇਹਨਾਂ ਚੜ ਜਾਣਾ
ਇਹ ਧੁਖਦੇ ਭਖਦੇ ਜਜ਼ਬੇ ਨੂੰ
ਹੁਣ ਹੋਰ ਵੀ ਅਸੀਂ ਭਖਾ ਦੇਣਾ
ਤੇਰੇ ਖ਼ਿਆਲੀਂ ਬਣਦੇ ਮਹਿਲਾਂ ਨੂੰ
ਉਸਰਨ ਤੋਂ ਪਹਿਲਾਂ ਢਾਅ ਦੇਣਾ
ਏਥੇ ਘਰ ਘਰ ਜਾਗ ਬਗ਼ਾਵਤ ਦਾ
ਅਸੀਂ ਹਰ ਬੰਦੇ ਨੂੰ ਲਾ ਦੇਣਾ

ਏਥੇ ਦੁਨੀਆਂ ਦਾ ਢਿੱਡ ਭਰਕੇ ਵੀ

ਇਮਰੋਜ਼ ਮਾਨ

ਦੁੱਖ ਦਰਦ ਮੁਸੀਬਤ ਝੱਲੇ ਨੇ
ਹੁਣ ਮੁੱਲ ਜੋ ਸਾਡੇ ਮੁੜਕੇ ਦਾ
ਇਹ ਕੌਣ ਜੋ ਲੈ ਕੇ ਚੱਲੇ ਨੇ
ਰੱਖ ਦੀਵੇ ਸੁੱਚੀਆਂ ਸੋਚਾਂ ਦੇ
ਹਰ ਰਸਤੇ ਨੂੰ ਰੁਸ਼ਨਾ ਦੇਣਾ
ਤੇਰੇ ਖ਼ਿਆਲੀਂ ਬਣਦੇ ਮਹਿਲਾਂ ਨੂੰ
ਉਸਰਨ ਤੋਂ ਪਹਿਲਾਂ ਢਾਅ ਦੇਣਾ
ਏਥੇ ਘਰ ਘਰ ਜਾਗ ਬਗ਼ਾਵਤ ਦਾ
ਅਸੀਂ ਹਰ ਬੰਦੇ ਨੂੰ ਲਾ ਦੇਣਾ

ਉਹਨਾਂ ਨੇ ਲੜਨਾ ਕੀ ਹੁੰਦਾ
ਜੋ ਬੈਠ ਘਰਾਂ ਵਿੱਚ ਝੁਰਦੇ ਨੇ
ਤੂੰ ਸਬਰ ਪਰਖਦੈ ਜਿੰਨਾ ਦੇ
ਉਹ ਤਲਵਾਰਾਂ ਤੇ ਤੁਰਦੇ ਨੇ
ਹੁਣ ਲਾਹ ਕੇ ਦਾਗ਼ ਨਸ਼ੱਈਆਂ ਦਾ
ਤੈਨੂੰ ਵਕਤ ਹੈ ਐਸਾ ਪਾ ਦੇਣਾ
ਤੇਰੇ ਖ਼ਿਆਲੀਂ ਬਣਦੇ ਮਹਿਲਾਂ ਨੂੰ
ਉਸਰਨ ਤੋਂ ਪਹਿਲਾਂ ਢਾਅ ਦੇਣਾ
ਏਥੇ ਘਰ ਘਰ ਜਾਗ ਬਗ਼ਾਵਤ ਦਾ
ਅਸੀਂ ਹਰ ਬੰਦੇ ਨੂੰ ਲਾ ਦੇਣਾ

.........................................

### ਸ਼ੇਅਰ

ਵਾਹ ਵਾਹ ਤੇਰੀ ਆਜ਼ਾਦੀ ਦੇ
ਆਉਂਦੀ ਹੀ ਪੁਆੜੇ ਪਾ ਗਈ ਏ
ਦੋ ਵਸਦੇ ਰਸਦੇ ਭਾਈ ਸੀ
ਇੱਕ ਪਲ ਵਿੱਚ ਵੈਰ ਕਮਾ ਗਈ ਏ
ਕੁਝ ਤੂੰ ਹੀ ਸੋਚਦਾ ਰੱਬ ਸਾਈਆਂ
ਕਿੰਝ ਮੰਨੀਏ ਤੇਰੇ ਭਾਣੇ ਨੂੰ
ਅਜਮੇਰ ਸ਼ਰੀਫ਼ ਨੂੰ ਤਰਸੇ ਕੋਈ
ਕੋਈ ਤਰਸ ਰਿਹੈ ਨਨਕਾਣੇ ਨੂੰ

.........................................

## ਮਾ. ਅਮਰੀਕ ਸਿੰਘ ਜੀ ਦੀ ਯਾਦ ਵਿੱਚ

ਵਾਹ ਮਾਸਟਰ ਅਮਰੀਕ ਸਿੰਘ, ਸਭਨਾ ਦੇ ਉਸਤਾਦ।
ਸਭ ਦੇ ਮਨ ਵਿੱਚ ਵੱਸਦੇ, ਸਭ ਨੂੰ ਰਹਿਸੀ ਯਾਦ।
ਬਹੁਤ ਪਿਆਰੇ ਸ਼ਖਸ਼ ਉਹ, ਸਭ ਨੂੰ ਕਰਦੇ ਪਿਆਰ।
ਏਸੇ ਕਰ ਕੇ ਹੋ ਗਏ, ਪਾਤਰ ਉੱਚ ਸਤਿਕਾਰ।
ਉਹਨਾ ਕੋਲ ਅਤੁੱਟ ਸੀ, ਕਵਿਤਾ ਦਾ ਭੰਡਾਰ ।
ਉਹ ਡਿੱਠੇ ਸਮਰਥ ਸਨ, ਸਾਹਿਤ ਸਿਰਜਨਹਾਰ।
ਸਤਿਗੁਰ ਤੋਂ ਵਰੋਸਾਏ, ਮਨ ਵੱਸਿਆ ਮਨ ਮੀਤ।
ਸਾਧੂ ਸ਼ਾਂਤ ਸੁਭਾ ਦੇ, ਵਿੱਚ ਗ੍ਰਹਿਸਤ ਅਤੀਤ।
ਲੇਖਕ ਉੱਚ ਦੁਮਾਲੜੇ, ਸਾਹਿਤ ਸਭਾ ਦਾ ਮਾਣ।
ਸਾਹਿਤਕਾਰ ਸਮਰਥ ਉਹ, ਉੱਚੀ ਸੁੱਚੀ ਸ਼ਾਨ।
ਚਸ਼ਮਾ ਕਾਵਿਕ ਬਹਿਰ ਦਾ,ਧਨੀ ਕਲਮ ਦਾ ਵੀਰ।
ਮੇਰ ਤੇਰ ਤੋਂ ਦੂਰ ਕੋਹ, ਮੌਲਾ ਮਸਤ ਫ਼ਕੀਰ।
ਬਾਨਵੇਂ ਸਾਲਾ ਹੁੰਦਿਆਂ, ਲੱਗਣ ਅਜੇ ਜੁਆਨ।
ਕਸਰਤ ਕਾਇਆ ਸਾਧ ਕੇ, ਤੰਦਰੁਸਤ ਇਨਸਾਨ।
ਸਫ਼ਰ ਸਦੀ ਦਾ ਕਰਦਿਆਂ, ਛੱਡ ਅਨੋਖੀ ਛਾਪ।
ਦੇ ਕੇ ਰਿਸ਼ਮਾਂ ਕੀਮਤੀ, ਛੁਪਿਆ ਚੰਦਾ ਆਪ।
ਦੁੱਖ ਨਾ ਜਰਦੇ ਕਿਸੇ ਦਾ, ਅਤਿ ਸੰਵੇਦਨਸ਼ੀਲ।
ਅੰਦਰ ਸਾਹਿਤਕ ਹਲਕਿਆਂ, ਉਹ ਸਨ ਪੱਥਰ ਮੀਲ।
ਉਹ ਸੋਹਣਾ ਦਿਲਦਾਰ ਸੀ, ਵੰਡਦਾ ਗਿਆ ਪਿਆਰ।
ਨਾਲ ਕਿਸੇ ਦੇ ਵੈਰ ਨਾ, ਸਭਨਾ ਦਾ ਦਿਲਦਾਰ।
ਨਹੀਂ ਵਖਾਵਾ ਜਰਾ ਵੀ, ਅੰਦਰੋਂ ਬਾਹਰੋਂ ਇੱਕ।
ਉੱਜਲ ਉਹ ਕਿਰਦਾਰ ਦੇ, ਨਿਰਮਲ ਉਜਲੀ ਦਿੱਖ।
ਉਹਨਾ ਅੰਦਰੋਂ ਫੁੱਟਦਾ, ਸੋਮਾ ਸਾਹਿਤ ਗਿਆਨ।
ਉਹ ਕਾਦਰ ਦਾ ਗਿਫਟ ਸੀ, ਕੁਦਰਤ ਦਾ ਵਰਦਾਨ।
ਦੇਂਦੇ ਤੁਰ ਗਏ ਜਗਤ ਨੂੰ, ਅਮਨਾ ਦਾ ਪੈਗਾਮ।
ਵਿਦਿਆ ਵੰਡਦੇ ਪਾ ਲਿਆ, ਮਾਸਟਰ ਦਾ ਉਪਨਾਮ।
ਤਿੰਨ ਪੀੜ੍ਹੀਆਂ ਨੂੰ  ਸੀ, ਦਿੱਤਾ ਵਿਦਿਆ ਦਾਨ।
ਲੱਗਭਗ ਅੱਧੀ ਸਦੀ ਹੀ, ਵੰਡਿਆ ਖ਼ੂਬ ਗਿਆਨ।
ਉਹ ਸੀ ਸਾਡੀ ਸਭਾ ਦੇ, ਸੋਹਣੇ ਸਾਇਬਾਨ।
ਚਾਨਣ ਰਿਸ਼ਮਾਂ ਵੰਡਦੇ,ਸੀਤਲ ਸਸੀ ਸਮਾਨ।
ਉਹਨਾ ਅੰਦਰ ਰੱਬ ਨੇ, ਭਰਿਆ ਗੁਣ ਭੰਡਾਰ।
ਰਿਖੀਆਂ ਵਰਗਾ ਜੀਵਣਾ, ਜੀਵਨ ਉੱਚ ਮਿਆਰ।
ਛੰਦਾਬੱਧੀ ਕਾਵਿ ਦਾ, ਉਹ ਸੀ ਬਾਬਾ ਬੋੜ੍ਹ।
ਪੱਲੇ ਨੇਕੀ ਨਿਮਰਤਾ, ਛਾਂ ਠੰਡੀ ਬੇਜੋੜ।
ਚੇਲੇ ਲੱਖਾਂ ਉਹਨਾ ਦੇ, ਮੇਰੇ ਵੀ ਉਸਤਾਦ।
ਏਨਾ ਪਿਆਰ ਖਿਲਾਰਿਆ, ਰਹਿਸੀ ਹਰਦਮ ਯਾਦ।
ਪਾ ਪ੍ਰੀਤਾਂ ਗੂੜ੍ਹੀਆਂ, ਤੁਰ ਗਏ ਯਾਰ ਵਿਸਾਰ।
ਸਾਨੂੰ ਜਾਂਦੇ ਦੇ ਗਏ, ਹੰਝੂਆਂ ਵਾਲੇ ਹਾਰ।
ਪ੍ਰੀਤਾਂ ਦਾ ਵਣਜਾਰੜਾ, ਤੁਰਿਆ ਪ੍ਰੀਤ ਵਿਸਾਰ।
ਮਹਾਂ ਕਵੀ ਨੂੰ ਬਾਜਵਾ, ਸਿਜਦਾ ਕਰਾਂ ਹਜ਼ਾਰ।

**ਲਖਵਿੰਦਰ ਸਿੰਘ ਬਾਜਵਾ**

## ਧਰਤੀ ਦੇ ਹੇਠਾਂ

ਧਰਤੀ ਦੇ ਹੇਠਾਂ
ਧੌਲ ਹੈ ਧਰਮ ਹੈ
ਇਕ ਮੇਰੀ ਧੀ ਹੈ

ਧਰਤੀ ਤਾਂ ਬੋਝ ਹੈ
ਦੁਖ ਹੈ ਕੋਝ ਹੈ
ਸਹਿੰਦੀ ਹੈ ਧੀ
ਪਰ ਕਹਿੰਦੀ ਨਾ ਸੀ ਹੈ

ਧੌਲ ਵੀ ਥਕਿਆ
ਥਕ ਕੇ ਬਹਿ ਗਿਆ
ਧਰਮ ਵੀ ਹਾਰਿਆ
ਪੰਖ ਲਾ ਉਡਰਿਆ
ਧੀਆਂ ਨੂੰ ਥੱਕਣ ਦੀ
ਪੰਖ ਲਾ ਉੱਡਣ ਦੀ
ਜਾਚ ਹੀ ਨਹੀਂ ਹੈ

ਚਤਰਮੁਖ ਬ੍ਰਹਮਾ ਨੇ
ਦੁਖ ਸਾਜੇ ਸਹਿਸਭੁਜ
ਉਹਨਾਂ ਸੰਗ ਲੜਨ ਲਈ
ਦੇਵੀ ਅਸ਼ਟਭੁਜੀ ਹੈ
ਪਰ ਧੀ ਤਾਂ ਹੈ ਮਨੁੱਖ
ਉਹ ਵੀ ਅੱਧੀ ਮਸਾਂ ਪੌਣੀ
ਦੁੱਖਾਂ ਸੰਗ ਲੜਦੀ ਨਹੀਂ
ਦੁੱਖ ਚੁੱਕਦੀ ਹੈ

ਧਰਤੀ ਦੇ ਹੇਠਾਂ
ਧੌਲ ਸੀ ਧਰਮ ਸੀ
ਹੁਣ ਮੇਰੀ ਧੀ ਹੈ

**ਡਾ. ਹਰਿਭਜਨ ਸਿੰਘ**

# ਸੁੱਚੇ-ਮੋਤੀ

## ਅਲਪ ਅਹਾਰ ਸੁਲਪ ਸੀ ਨਿੰਦ੍ਰਾ

14 ਮਾਰਚ 1978 ਨਵੀਂ ਦਿੱਲੀ ਵਿਖੇ ਸਤਿਗੁਰੂ ਜੀ ਬਚਨ ਕੀਤਾ- "ਸੇਠ ਤ੍ਰਿਲੋਕ ਸਿੰਘ ਜੀ ਕਾਫ਼ੀ ਚਿਰ ਤੋਂ ਮੈਨੂੰ ਜੋਰ ਦੇ ਰਹੇ ਸਨ ਕਿ ਮੈਂ ਆਪਣੇ ਬਲੈਡ ਪ੍ਰੈਸ਼ਰ ਬਾਰੇ ਤੇ ਆਮ ਸਿਹਤ ਬਾਰੇ ਡਾਕਟਰੀ ਚੈੱਕ ਅੱਪ ਜ਼ਰੂਰ ਕਰਵਾ ਲਵਾਂ। ਬਥੇਰਾ ਟਾਲਿਆ ਪਰ ਤਿੰਨ ਚਾਰ ਮਹੀਨਿਆ ਪਿੱਛੋਂ ਇਕ ਦਿਨ ਡਾਕਟਰ ਕੋਠੀ ਹੀ ਆ ਗਿਆ। ਉਸਨੇ ਸਟੈਥੋਸਕੋਪ ਲਾ ਕੇ ਮੇਰੀ ਛਾਤੀ ਅਤੇ ਕਮਰ ਦਾ ਅੱਛੀ ਤਰਾਂ ਨਿਰੀਖਣ ਕੀਤਾ। ਫਿਰ ਮੇਰੇ ਨਹੁੰਆ ਨੂੰ ਡਿੱਠਾ। ਅੰਤ ਮੇਰੀ ਬਾਂਹ 'ਤੇ ਪੱਟੀ ਵਲ੍ਹੇਟ ਕੇ ਬਲੱਡ ਮਾਪਣ ਯੰਤਰ ਨੂੰ ਪੰਪ ਕਰਨਾ ਸ਼ੁਰੂ ਕੀਤਾ। ਇਹ ਸਭ ਵੇਖ ਕੇ ਫਿਰ ਮੇਰੇ ਨੱਕ, ਕੰਨ ਅਤੇ ਅੱਖਾਂ ਨੂੰ ਟਟੋਲ ਡਾਕਟਰ ਕਹਿਣ ਲੱਗਾ, ਤੁਸੀਂ ਤਾਂ ਅਸਲੋਂ ਨੌ-ਬਰ-ਨੌ ਹੋ, ਸਿਹਤ ਤਾਂ ਇਸ ਤਰ੍ਹਾਂ ਦੀ ਹੈ, ਜਿਸ ਤਰ੍ਹਾਂ 20 ਸਾਲ ਦੇ ਮੁੰਡੇ ਦੀ ਹੁੰਦੀ ਹੈ। ਖੂਨ ਦਾ ਜਿੰਨਾ ਉਤਲਾ ਹੇਠਲਾ ਦਬਾਅ ਚਾਹੀਦਾ, ਓਨਾ ਹੀ ਹੈ। ਨਹੁੰ, ਮਾਸ, ਛਾਤੀ, ਪੇਟ, ਸਭ ਕੁਛ ਦਰੁਸਤ ਹੈ। ਕਿਸੇ ਤਰ੍ਹਾਂ ਦੀ ਕੋਈ ਕਮਜੋਰੀ ਨਹੀਂ। ਤੁਸੀਂ ਤਾਂ ਸਾਡੇ ਹਿਸਾਬ ਅਜੇ ਜੁਆਨ ਲਗਦੇ ਓ। "

ਇਸ ਦੇ ਨਾਲ ਹੀ ਸਤਿਗੁਰਾਂ ਗੋਲਾ ਫਾਰਮ ਦੇ ਮੁਖੀ ਸੰਤ ਹਰਬੰਸ ਸਿੰਘ (ਮੈਂਬਰ) ਦੀ ਗੱਲ ਸੁਣਾਈ- ਕਿਸੇ ਖਾਲ ਤੋਂ ਲੰਘਣਾ ਸੀ। ਮੈਂ ਉਹਨਾਂ ਨੂੰ ਆਖਿਆ ਕਿ ਉਹ ਪਰਿਓਂ ਹੋ ਕੇ ਖਾਲ ਦੇ ਨਾਲ ਆਉਣ। ਮੈਂ ਛਾਲ ਮਾਰ ਕੇ ਜਦ ਖਾਲ ਟੱਪ ਗਿਆ ਤਾਂ ਮੈਨੂੰ ਸੰਤਾਂ ਦੀ ਉਮਰ ਜਾਣਨ ਦੀ ਉਤਸੁਕਤਾ ਜਾਗੀ। ਜਦ ਉਹ ਮੇਰੇ ਪਾਸ ਆਏ ਤਾਂ ਉਹਨਾਂ ਦੀ ਉਮਰ ਪੁੱਛੀ, ਮੇਰਾ ਹੀ ਹਾਣ ਪਰਮਾਣ ਲੱਗੀ। ਸੰਤਾਂ ਕਿਹਾ- ਤੁਸੀਂ ਤਾਂ ਵੀਹ ਵਰ੍ਹਿਆਂ ਦੇ ਲਗਦੇ ਓ। ਤੁਹਾਡੀ ਤੋਰ ਅਤੇ ਵਤੀਰੇ ਵਿੱਚ ਕੋਈ ਫ਼ਰਕ ਨਹੀਂ।

ਸਤਿਗੁਰਾਂ ਮੁਸਕਰਾਂਦਿਆ ਦੱਸਿਆ- ਸਤਿਗੁਰੂ ਜੀ ਦੀ ਕਿਰਪਾ ਨਾਲ ਅਜੇ ਤਾਂ ਮੈਂ ਤਕੜਾ ਹੀ ਹਾਂ, ਜੁਆਨੀ ਹੀ ਪ੍ਰਤੀਤ ਕਰਦਾ ਹਾਂ।

ਸਤਿਗੁਰੂ ਜੀ ਨੇ ਆਪਣੇ ਬਾਰੇ ਇਹ ਵੀ ਦੱਸਿਆ- ਅਸਲ ਵਿੱਚ, ਸਤਿਗੁਰਾਂ ਦੀ ਕਿਰਪਾ ਨਾਲ, ਮੈਂ ਨੀਂਦ ਵੀ ਥੋੜ੍ਹੀ ਤੇ ਪ੍ਰਸ਼ਾਦਾ ਵੀ ਥੋੜ੍ਹਾ ਛਕਦਾ ਹਾਂ। ਇਸ ਨਾਲ ਮੇਰੀ ਦੇਹ ਹੌਲੀ ਫੁੱਲ ਰਹਿਦੀ ਹੈ।

## ਬੱਚਿਆਂ ਨੂੰ ਉਤਸ਼ਾਹਤ

26 ਮਾਰਚ 1978 ਸ੍ਰੀ ਭੈਣੀ ਸਾਹਿਬ ਵਿਖੇ ਹੋਲੇ ਮਹੱਲੇ ਦੌਰਾਨ ਸੁਖਵਿੰਦਰ ਸਿੰਘ ਤਬਲੇ 'ਤੇ ਤਿੰਨ ਤਾਲ ਵਜਾਣ ਲੱਗਾ। ਸਤਿਗੁਰੂ ਜੀ ਨੇ ਇਸ ਨੂੰ ਉਤਸ਼ਾਹਿਤ ਕਰਨ ਲਈ ਚੰਦ ਸ਼ਬਦ ਆਖੇ ਅਤੇ ਫੁਰਮਾਇਆ- ਮੈਂ ਆਪ ਅਨਾਉਂਸਮੈਂਟ ਇਸ ਲਈ ਕਰ ਰਿਹਾ ਹਾਂ ਕਿ ਨਾਮਧਾਰੀਆਂ ਦੇ ਬੱਚੇ ਉੱਚੇ ਕਲਾਕਾਰ ਬਣਨ ਤੇ ਆਪਣੇ ਮਾਪਿਆਂ ਅਤੇ ਸਮਾਜ ਦਾ ਨਾਮ ਉੱਚਾ ਕਰਨ। ਸਿਨਮਾ ਆਦਿ ਅਲਾਮਤਾਂ ਤੋਂ ਬਚ ਕੇ ਉੱਚੇ ਕਲਾ ਮੰਦਰ ਵਿੱਚ ਪ੍ਰਵੇਸ਼ ਕਰਨ। ਭਜਨ ਭਗਤੀ ਯੁਗ ਦੇ ਵੀ ਪ੍ਰੇਰਣਾ ਸਰੋਤ ਬਣਨ।

## ਬੇਵਖਾਵਾ ਨਮਸਕਾਰ ਪ੍ਰਵਾਨ

ਇਕ ਸਿੰਘ ਜੋ ਆਪਣੇ ਪੁੱਤਰ ਜਾਂ ਭਰਾ ਨਾਲ ਆਇਆ ਸੀ, ਉਸ ਸੱਚੇ ਪਾਤਸ਼ਾਹ ਜੀ ਅੱਗੇ ਭੇਟਾ ਧਰ ਮੱਥਾ ਟੇਕਿਆ। ਕੁਝ ਹੋਰ ਭੇਟਾ ਵੀ, ਸਾਹਮਣੇ ਖਲੋ ਪਰਸ 'ਚੋਂ ਕੱਢ, ਮੱਥਾ ਟੇਕੀ ਪਰ ਸਤਿਗੁਰੂ ਜੀ ਨੇ ਉਸ ਪਾਸੇ ਧਿਆਨ ਹੀ ਨਾ ਕੀਤਾ। ਬਹੁਤ ਵਾਰ ਵੇਖਿਆ ਹੈ ਕਿ ਸਤਿਗੁਰੂ ਜੀ ਵਖਾਵੇ ਦੀ ਇੱਛਾ ਨਾਲ ਮੱਥਾ ਟੇਕਣ ਵਾਲਿਆਂ ਵੱਲ ਗਹੁ ਨਹੀਂ ਕਰਦੇ, ਸੁਖ-ਸਾਂਦ ਪੁੱਛਣ ਦੀ ਤਾਂ ਗੱਲ ਹੀ ਵੱਖਰੀ ਹੈ। ਬੇਵਖਾਵਾ ਨਮਸਕਾਰ ਉਨ੍ਹਾਂ ਨੂੰ ਵਧੇਰੇ ਜੱਚਦੀ ਹੈ।

# ਬੱਚਿਆਂ ਦਾ ਪੰਨਾ

## ਭਾਈ ਮਤੀ ਦਾਸ ਜੀ

ਆਰਾ ਪਿਆਰਾ ਲਗਦਾ ਹੈ, ਕਾਰਾ ਕਰੋ ਬਨਾਇ।
ਸੀਸ ਜਾਏ ਤਾਂ ਜਾਏ, ਮੇਰਾ ਸਿੱਖੀ ਸਿਦਕ ਨਾ ਜਾਇ।

ਦਿੱਲੀ ਵਿਚ ਗੁਰਦੁਆਰਾ ਸੀਸ ਗੰਜ ਦੇ ਸਾਹਮਣੇ ਚੌਂਕ ਵਿਚ ਵੱਡਾ ਫੁਹਾਰਾ ਹੈ। ਇਸ ਨੂੰ ਭਾਈ ਮਤੀ ਦਾਸ ਚੌਂਕ ਕਹਿੰਦੇ ਹਨ। ਇਥੇ ਭਾਈ ਮਤੀ ਦਾਸ ਜੀ ਨੇ ਆਪਣਾ ਖ਼ੂਨ ਡੋਲ੍ਹ ਕੇ ਸ਼ਹੀਦੀ ਪ੍ਰਾਪਤ ਕੀਤੀ ਸੀ।

ਭਾਈ ਮਤੀ ਦਾਸ ਜੀ ਪਿੰਡ ਕਰਿਆਲਾ ਜ਼ਿਲ੍ਹਾ ਜਿਹਲਮ ਦੇ ਵਸਨੀਕ ਸਨ। ਆਪ ਦੇ ਪਿਤਾ ਦਾ ਨਾਮ ਭਾਈ ਪਰਾਗਾ ਜੀ ਸੀ। ਭਾਈ ਪਰਾਗਾ ਜੀ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਫ਼ੌਜ ਵਿਚ ਜਥੇਦਾਰ ਸਨ। ਜਦੋਂ ਭਾਈ ਮਤੀ ਦਾਸ ਜੀ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਕੋਲ ਬਾਬਾ ਬਕਾਲੇ ਵਿਖੇ ਦਰਸ਼ਨਾਂ ਲਈ ਆਏ ਤਾਂ ਆਪਣਾ ਸਾਰਾ ਜੀਵਨ ਸਤਿਗੁਰੂ ਨੂੰ ਅਰਪਣ ਕਰ ਦਿੱਤਾ। ਗੁਰੂ ਜੀ ਨੇ ਭਾਈ ਮਤੀ ਦਾਸ ਜੀ ਨੂੰ ਦੀਵਾਨ ਥਾਪਿਆ। ਭਾਈ ਮਤੀ ਦਾਸ ਜੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨਾਲ ਬਿਹਾਰ, ਬੰਗਾਲ ਤੇ ਆਸਾਮ ਦੇ ਪ੍ਰਚਾਰ ਦੌਰੇ ਤੇ ਨਾਲ ਗਏ ਸਨ।

ਜਦੋਂ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ, ਹਿੰਦੂਆਂ ਤੇ ਹੋ ਰਹੇ ਜ਼ੁਲਮ ਨੂੰ ਰੋਕਣ ਲਈ ਦਿੱਲੀ ਗਏ ਤਾਂ ਭਾਈ ਮਤੀ ਦਾਸ ਜੀ, ਭਾਈ ਦਿਆਲਾ ਜੀ, ਭਾਈ ਗੁਰਦਿੱਤਾ ਜੀ, ਭਾਈ ਉਦੈ ਜੀ, ਭਾਈ ਜੈਤਾ ਜੀ ਤੇ ਭਾਈ ਸਤੀ ਦਾਸ ਜੀ ਆਦਿ ਗੁਰਸਿੱਖ ਆਪ ਜੀ ਦੇ ਨਾਲ ਸਨ।

ਮੁਗ਼ਲ ਹਕੂਮਤ ਦੇ ਆਦੇਸ਼ ਨਾਲ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੂੰ ਸ਼ਹੀਦ ਕਰਨ ਦਾ ਹੁਕਮ ਦਿੱਤਾ ਗਿਆ। ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਤੇ ਭਾਈ ਦਿਆਲਾ ਜੀ ਗੁਰੂ ਸਾਹਿਬ ਦੇ ਕੋਲ ਹੀ ਰਹੇ। ਭਾਈ ਗੁਰਦਿੱਤਾ ਜੀ ਨੂੰ ਸ੍ਰੀ ਅਨੰਦਪੁਰ ਸਾਹਿਬ ਭੇਜਿਆ ਗਿਆ। ਭਾਈ ਜੈਤਾ ਜੀ ਤੇ ਭਾਈ ਉਦੈ ਜੀ ਦੀ ਜ਼ਿੰਮੇਵਾਰੀ ਸਤਿਗੁਰਾਂ ਦੀ ਸ਼ਹਾਦਤ ਦੇ ਬਾਅਦ ਸਰੀਰ ਨੂੰ ਸੰਭਾਲਣ ਦੀ ਲਗਾਈ ਗਈ।

ਮੁਗ਼ਲ ਹਕੂਮਤ ਵਲੋਂ ਭਾਈ ਮਤੀ ਦਾਸ ਤੇ ਭਾਈ ਦਿਆਲਾ ਜੀ ਨੂੰ ਸ਼ਹੀਦ ਕਰਨ ਤੋਂ ਪਹਿਲਾਂ ਸਾਰੇ ਸ਼ਹਿਰ ਵਿਚ ਢੰਡੋਰਾ ਪਿਟਵਾਇਆ ਗਿਆ। ਭਾਰੀ ਗਿਣਤੀ ਵਿਚ ਲੋਕ ਇਕੱਠੇ ਹੋ ਗਏ। ਪਹਿਲਾਂ ਭਾਈ ਮਤੀ ਦਾਸ ਜੀ ਨੂੰ ਕੋਤਵਾਲੀ ਵਿਚੋਂ ਬਾਹਰ ਲਿਆਂਦਾ ਗਿਆ, ਜਿਥੇ ਜਲਾਦ ਪਹਿਲਾਂ ਹੀ, ਆਰਾ ਤੇ ਸ਼ਕੰਜਾ ਲੈ ਕੇ ਖੜ੍ਹੇ ਕੀਤੇ ਗਏ ਸਨ। ਭਾਈ ਮਤੀ ਦਾਸ ਜੀ ਨੂੰ ਕਾਜ਼ੀ ਨੇ ਆਖਿਆ, "ਸਿੱਖੀ ਛੱਡ ਕੇ ਮੁਸਲਮਾਨ ਹੋ ਜਾਉ, ਤੁਹਾਨੂੰ ਬਹੁਤ ਸੁਖ ਦਿੱਤੇ ਜਾਣਗੇ। ਪਰੰਤੂ ਭਾਈ ਜੀ ਨੇ ਸਾਰੇ ਦੁਨਿਆਵੀ ਸੁਖ ਤੇ ਲਾਲਚ ਠੁਕਰਾ ਦਿੱਤੇ ਤੇ ਕਿਹਾ : "ਮੈਂ ਸਿੱਖੀ ਨਹੀਂ ਛੱਡ ਸਕਦਾ। ਕਾਜ਼ੀ ਨੇ ਫਿਰ ਕਿਹਾ ਕਿ ਗੁਰੂ ਸਾਹਿਬ ਦਾ ਸਾਥ ਛੱਡ ਦਿਉ!" ਭਾਈ ਸਾਹਿਬ ਨੇ ਕਿਹਾ, "ਗੁਰੂ ਸਾਹਿਬ ਨੂੰ ਛੱਡ ਕੇ ਮੈਂ ਜ਼ਿੰਦਾ ਨਹੀਂ ਰਹਿ ਸਕਦਾ। ਅੰਤ ਨੂੰ ਮਰਨਾ ਤਾਂ ਹੈ ਹੀ, ਕਿਉਂ ਨਾ ਸਿੱਖੀ ਨਿਭਾ ਕੇ ਹੀ ਮਰਾਂ! ਗੁਰੂ ਸਾਹਿਬ ਤੋਂ ਪਹਿਲਾਂ ਸ਼ਹਾਦਤ ਮੇਰੀ ਹੋਵੇਗੀ।

ਕਾਜ਼ੀ ਨੇ ਭਾਈ ਸਾਹਿਬ ਨੂੰ ਆਰੇ ਨਾਲ ਦੋਫਾੜ ਕਰਨ ਦਾ ਹੁਕਮ ਸੁਣਾ ਦਿੱਤਾ। ਭਾਈ ਸਾਹਿਬ ਜੀ ਤੋਂ ਅੰਤਮ ਖਾਹਿਸ਼ ਪੁੱਛੀ ਕਿ ਤੁਸੀਂ ਕੀ ਚਾਹੁੰਦੇ ਹੋ ? ਭਾਈ ਮਤੀ ਦਾਸ ਜੀ ਨੇ ਉੱਤਰ ਦਿੱਤਾ, "ਮੇਰੇ ਸੀਸ 'ਤੇ ਆਰਾ ਰੱਖਣ ਸਮੇਂ, ਮੇਰਾ ਮੂੰਹ ਗੁਰੂ ਸਾਹਿਬ ਵੱਲ ਕਰ ਦੇਣਾ ਤਾਂ ਕਿ ਮੈਂ ਆਪਣੇ ਅੰਤਲੇ ਸਮੇਂ ਆਪਣੇ ਪ੍ਰੀਤਮ ਦੇ ਦਰਸ਼ਨ ਕਰ ਸਕਾਂ! ਬੱਸ ਇਹੀ ਮੇਰੀ ਇੱਛਾ ਹੈ।

ਇਸੇ ਤਰ੍ਹਾਂ ਕੀਤਾ ਗਿਆ। ਭਾਈ ਸਾਹਿਬ ਦੇ ਸੀਸ 'ਤੇ ਆਰਾ ਚੱਲਣਾ ਸ਼ੁਰੂ ਹੋਇਆ। ਖ਼ੂਨ ਦੀਆਂ ਧਾਰਾਂ ਦੂਰ-ਦੂਰ ਤੱਕ ਵਗਣ ਲੱਗੀਆਂ। ਵੇਖਣ ਵਾਲੇ ਲੋਕ ਦੰਗ ਰਹਿ ਗਏ ਕਿ ਭਾਈ ਸਾਹਿਬ ਨੂੰ ਜ਼ਰਾ ਵੀ ਘਬਰਾਹਟ ਨਹੀਂ ਸੀ। ਆਰਾ ਚੱਲਦਾ ਵੇਖ ਕੇ ਲੋਕਾਂ ਦੇ ਰੌਂਗਟੇ ਖੜੇ ਹੋ ਗਏ। ਇਸ ਤਰ੍ਹਾਂ ਦੀ ਸ਼ਹੀਦੀ ਉਨ੍ਹਾਂ ਪਹਿਲੇ ਕਦੇ ਨਹੀਂ ਸੀ ਵੇਖੀ। ਆਰੇ ਦਾ ਚੀਰ ਭਾਈ ਸਾਹਿਬ ਦੀ ਸਮਾਧੀ ਨੂੰ ਭੰਗ ਨਾ ਕਰ ਸਕਿਆ। ਭਾਈ ਸਾਹਿਬ ਦਾ ਸਰੀਰ ਦੋਫ਼ਾੜ ਹੋ ਗਿਆ ਤੇ ਉਨ੍ਹਾਂ ਦਾ ਆਤਮਾ ਰੂਪੀ ਭੌਰ ਉਡਾਰੀ ਮਾਰ ਗਿਆ। ਦੁਨੀਆਂ ਦੇ ਇਤਿਹਾਸ ਵਿਚ ਭਾਈ ਸਾਹਿਬ ਦੀ ਸ਼ਹਾਦਤ ਬੇਮਿਸਾਲ ਹੈ।

ਸਿੱਖਿਆ: ਸਿੱਖ ਆਪਣਾ ਸਰੀਰ ਆਰੇ ਨਾਲ ਦੋਫਾੜ ਤਾਂ ਕਰਵਾ ਸਕਦਾ ਹੈ ਪਰ ਗੁਰੂ ਨਾਲੋਂ ਆਪਣਾ ਸੰਬੰਧ ਨਹੀਂ ਤੋੜ ਸਕਦਾ। ਸਿੱਖੀ ਦੀ ਖ਼ਾਤਰ ਜਿੰਦ ਵਾਰ ਕੇ ਵੀ ਸਿੱਖ ਗਾਉਂਦਾ ਹੈ, ਸਿਰ ਜਾਏ ਤਾਂ ਜਾਏ, ਮੇਰਾ ਸਿੱਖੀ ਸਿਦਕ ਨਾ ਜਾਏ।

# ਖ਼ਬਰਨਾਮਾ

## ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦਾ ਮਾਲਵੇ ਇਲਾਕੇ ਦਾ ਇੱਕ ਦਿਨਾ ਦੌਰਾ

ਪੰਜਾਬ ਦੇ ਮਾਲਵੇ ਇਲਾਕੇ ਦੇ ਗੁਰੂ ਕੇ ਲੰਗਰ ਦੀ ਉਸਾਰੀ ਕਰਨ ਵਾਲੇ ਸੂਬਾ ਇੰਦਰਜੀਤ ਸਿੰਘ ਮੱਲ ਅਤੇ ਸੂਬਾ ਬਲਵੀਰ ਸਿੰਘ ਢਿੱਲਵਾਂ ਦੇ ਅਰਜ਼ ਕਰਨ ਤੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਮਾਲਵੇ ਇਲਾਕੇ ਦੇ ਇਕ ਦਿਨਾਂ ਦੌਰੇ ਦੀ ਪ੍ਰਵਾਨਗੀ ਦਿੱਤੀ ਮਿੱਥੇ ਹੋਏ ਪ੍ਰੋਗਰਾਮ ਦੇ ਮੁਤਾਬਕ 3 ਦਸੰਬਰ 2021 ਦਿਨ ਸ਼ੁੱਕਰਵਾਰ ਨੂੰ ਸਵੇਰੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦੇ ਕੀਰਤਨ ਦੇ ਦੌਰਾਨ ਹੀ ਸ੍ਰੀ ਭੈਣੀ ਸਾਹਿਬ ਤੋਂ ਚੱਲ ਕੇ ਜ਼ਿਲ੍ਹਾ ਮੋਗਾ ਦੇ ਪਿੰਡ ਮਦੇਹ ਵਿਖੇ ਸਵਰਗੀ ਸੂਬਾ ਗੁਰਦਿਆਲ ਸਿੰਘ ਦੇ ਲੜਕੇ ਸਰਦਾਰ ਜਰਨੈਲ ਸਿੰਘ ਤੇ ਚੜ੍ਹਾਈ ਕਰਨ ਤੇ ਪਰਿਵਾਰ ਨੂੰ ਦਰਸ਼ਨ ਦੇਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਮਦੇਹ ਤੋਂ ਪਿੰਡ ਧੂੜਕੋਟ ਵਿਖੇ ਸ. ਹਰੀ ਸਿੰਘ ਦੇ ਸਪੁੱਤਰ ਸ. ਸਵਰਨ ਸਿੰਘ ਦੇ ਘਰ ਪਹੁੰਚੇ, ਜਿੱਥੇ ਸ. ਸਰੂਪ ਸਿੰਘ ਬੂਟਾ ਸਿੰਘ ਅਤੇ ਰੂਪ ਸਿੰਘ ਦੇ ਘਰਾਂ ਵਿੱਚ ਚਰਨ ਪਾਉਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਇੱਥੇ ਹੀ ਸ. ਹਰਬੰਸ ਸਿੰਘ ਫ਼ੌਜੀ ਦੇ ਘਰ ਉਨ੍ਹਾਂ ਦੇ ਦੋ ਨੌਜਵਾਨ ਪੁੱਤਰਾਂ ਦੇ ਚੜ੍ਹਾਈ ਕਰਨ ਤੇ ਪਰਿਵਾਰ ਨੂੰ ਦਰਸ਼ਨ ਦਿੱਤੇ। ਸ. ਹਰਬੰਸ ਸਿੰਘ ਫ਼ੌਜੀ ਦੇ ਦੋ ਨੌਜਵਾਨ ਲੜਕੇ ਸ. ਗੁਰਨਾਮ ਸਿੰਘ ਗਾਮਾ, ਗੀਤਕਾਰ ਸ਼ਹਿਬਾਜ਼ ਸਿੰਘ ਪਿਛਲੇ ਸਮੇਂ ਚੜ੍ਹਾਈ ਕਰ ਗਏ ਸਨ। ਸ੍ਰੀ ਸਤਿਗੁਰੂ ਜੀ ਨੇ ਪਰਿਵਾਰ ਨੂੰ ਭਾਣਾ ਮੰਨਣ ਦਾ ਹੁਕਮ ਕੀਤਾ। ਸ਼ਹਿਬਾਜ਼ ਦੀ ਬੇਟੀ ਜੈ ਕੌਰ ਨੇ ਸ੍ਰੀ ਸਤਿਗੁਰੂ ਜੀ ਨੂੰ ਜਪੁਜੀ ਸਾਹਿਬ ਦਾ ਪਾਠ ਸੁਣਾਇਆ। ਸਤਿਗੁਰੂ ਰਾਮ ਸਿੰਘ ਜੀ ਦੀ ਉਸਤਤ ਵਿੱਚ ਲਿਖਿਆ ਸ਼ਹਿਬਾਜ਼ ਦਾ ਇੱਕ ਗੀਤ ਵੀ ਸ੍ਰੀ ਸਤਿਗੁਰੂ ਜੀ ਨੇ ਸੁਣਿਆ। ਧੂੜਕੋਟ ਤੋਂ ਬਾਅਦ ਸ੍ਰੀ ਸਤਿਗੁਰੂ ਜੀ ਪਿੰਡ ਖੁੱਡੀ ਕਲਾਂ ਜੋ ਕਿ ਜ਼ਿਲ੍ਹਾ ਬਰਨਾਲਾ ਦੀ ਹੱਦ ਅੰਦਰ ਪੈਂਦਾ ਹੈ, ਪਿੰਡ ਖੁੱਡੀ ਕਲਾਂ ਵਿਖੇ ਸ. ਗੁਰਚਰਨ ਸਿੰਘ, ਹਾਕਮ ਸਿੰਘ, ਗੁਰਜੈਲ ਸਿੰਘ, ਨਿਰਮਲ ਸਿੰਘ, ਗੁਰਜੰਟ ਸਿੰਘ, ਦਿਲਬਾਗ ਸਿੰਘ, ਪਰਮਜੀਤ ਸਿੰਘ, ਹਰਮੇਲ ਸਿੰਘ ਅਤੇ ਸ. ਰਾਜਬੀਰ ਸਿੰਘ ਦੇ ਘਰਾਂ ਵਿੱਚ ਚਰਨ ਪਾਉਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਖੁੱਡੀ ਕਲਾਂ ਤੋਂ ਬਾਅਦ ਪਿੰਡ ਬਡਬਰ ਵਿਖੇ ਸ. ਭਗਵੰਤ ਸਿੰਘ ਦੇ ਪਰਿਵਾਰ ਨੂੰ ਸ੍ਰੀ ਸਤਿਗੁਰੂ ਜੀ ਨੇ ਨਿਵਾਜ਼ਿਆ। ਸ. ਜਸਵੀਰ ਸਿੰਘ, ਗੁਰਪ੍ਰੀਤ ਸਿੰਘ, ਗੁਰਮੀਤ ਸਿੰਘ, ਹਰਜੀਤ ਸਿੰਘ, ਬਲਬੀਰ ਸਿੰਘ, ਜ਼ਮੀਰ ਸਿੰਘ, ਜੋਗਿੰਦਰ ਸਿੰਘ, ਮਹਿੰਦਰ ਸਿੰਘ ਅਤੇ ਸਰਦਾਰ ਗੁਰਦੀਪ ਸਿੰਘ ਦੇ ਘਰਾਂ ਵਿੱਚ ਚਰਨ ਪਾਉਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਪਰਿਵਾਰਾਂ ਦੀ ਸਿੱਖੀ ਭਾਵਨਾ ਦੇਖਦੇ ਹੋਏ ਸ੍ਰੀ ਸਤਿਗੁਰੂ ਜੀ ਨੇ ਪਰਿਵਾਰਾਂ ਨੂੰ ਅਥਾਹ ਖੁਸ਼ੀਆਂ ਬਖ਼ਸ਼ੀਆਂ। ਇੱਥੋਂ ਹੀ ਜ਼ਿਲ੍ਹਾ ਸੰਗਰੂਰ ਦੇ ਪਿੰਡ ਰੱਤੋਕੇ ਸ. ਸ਼ੇਰ ਸਿੰਘ ਪੁੱਤਰ ਵਜ਼ੀਰ ਸਿੰਘ ਦੇ ਘਰ ਦਰਸ਼ਨ ਦਿੱਤੇ। ਪਿੰਡ ਛਾਜਲੀ ਵਿਖੇ ਸ. ਗਮਦੂਰ ਸਿੰਘ ਦੇ ਸਪੁੱਤਰ ਹਰਪ੍ਰੀਤ ਸਿੰਘ, ਸਤਿਗੁਰੂ ਸਿੰਘ ਘਰ ਚਰਨ ਪਾਏ ਅਤੇ ਪਿੰਡ ਲਹਿਰਾ ਗਾਗਾ ਸ. ਹਰੀ ਸਿੰਘ ਦੇ ਘਰ ਚਰਨ ਪਾਏ।

ਵਾਪਸੀ ਸਮੇਂ ਪਿੰਡ ਘੋੜੇ ਨਾਥ ਸ. ਕੁਲਦੀਪ ਸਿੰਘ, ਗੁਰਮੀਤ ਸਿੰਘ, ਸ਼ੁਬੇਗ ਸਿੰਘ, ਅੰਗਰੇਜ਼ ਸਿੰਘ ਅਤੇ ਬਲਦੇਵ ਸਿੰਘ ਦੇ ਘਰ ਚਰਨ ਪਾਏ। ਇੱਥੇ ਹੀ ਸੁਨਾਮ ਸ਼ਹਿਰ ਵਿਖੇ ਸ. ਹਰਵਿੰਦਰ ਸਿੰਘ ਪੁੱਤਰ ਕਰਤਾਰ ਸਿੰਘ ਦੇ ਘਰ ਚਰਨ ਪਾਏ ਅਤੇ ਸਕਿਓਰਿਟੀ ਸਟਾਫ ਨੇ ਪ੍ਰਸ਼ਾਦਾ ਪਾਣੀ ਛਕਿਆ। ਇੱਥੇ ਹੀ ਕੁਲਵਿੰਦਰ ਸਿੰਘ ਪੁੱਤਰ ਕਰਤਾਰ ਸਿੰਘ, ਸੁਖਦੇਵ ਸਿੰਘ ਪੁੱਤਰ ਦਰਸ਼ਨ ਸਿੰਘ ਸਰਪੰਚ ਗੋਪਾਲ ਸਿੰਘ, ਬਲਵਿੰਦਰ ਸਿੰਘ ਬੱਲਾ, ਹਰਦੇਵ ਸਿੰਘ ਪੁੱਤਰ ਨਵਤੇਜ ਸਿੰਘ, ਜਗਦੇਵ ਸਿੰਘ ਲਾਡੀ ਪੁੱਤਰ ਦਰਸ਼ਨ ਸਿੰਘ, ਬੀਬੀ ਹਰਭਜਨ ਕੌਰ ਪਤਨੀ ਨਰਿੰਦਰ ਸਿੰਘ ਦੇ ਘਰ ਚਰਨ ਪਾਉਣ ਦੀ ਕਿਰਪਾ ਸਤਿਗੁਰੂ ਜੀ ਨੇ ਕੀਤੀ। ਸੁਨਾਮ ਤੋਂ ਬਾਅਦ ਪਿੰਡ ਜਖੇਪਲ ਵਿਖੇ ਸ. ਜਸਪਾਲ ਸਿੰਘ, ਗੁਰਮੇਲ ਸਿੰਘ, ਕਾਕਾ ਸਿੰਘ, ਮਿੱਠੂ ਸਿੰਘ, ਕੇਸਰ ਸਿੰਘ, ਗੁਰਨਾਮ ਸਿੰਘ, ਜਸਪ੍ਰੀਤ ਸਿੰਘ, ਜਰਨੈਲ ਸਿੰਘ ਦੇ ਘਰ ਚਰਨ ਪਾਏ। ਜ਼ਿਲ੍ਹਾ ਸੰਗਰੂਰ ਦੇ ਹੀ ਪਿੰਡ ਫਲੇੜਾ ਵਿਖੇ ਸ. ਪਿਆਰਾ ਸਿੰਘ, ਸੁਦਰਸ਼ਨ ਸਿੰਘ, ਅਜੈਬ ਸਿੰਘ, ਬਿੱਕਰ ਸਿੰਘ, ਸੁਰਜੀਤ ਸਿੰਘ, ਬਲਵਿੰਦਰ ਸਿੰਘ, ਲਾਲ ਸਿੰਘ, ਮਿੱਠੂ ਸਿੰਘ, ਨਿਰਭੈ ਸਿੰਘ, ਬੀਰ ਸਿੰਘ, ਪਿੰਡ ਹੰਭਲਾ ਜ਼ਿਲ੍ਹਾ ਮਾਨਸਾ ਸ. ਬਲਵਿੰਦਰ ਸਿੰਘ, ਗੁਰਨਾਮ ਸਿੰਘ ਪੁੱਤਰ ਸ. ਬੂਟਾ ਸਿੰਘ ਘਰ ਚਰਨ ਪਾਉਣ ਦੀ ਕ੍ਰਿਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਪਿੰਡ ਬਘੌਰਾ ਵਿਖੇ ਸ. ਸੁਖਵਿੰਦਰ ਸਿੰਘ ਪਿੰਡ ਮੱਲ ਸਿੰਘ ਵਾਲਾ ਵਿਖੇ ਸ. ਜੋਗਾ ਸਿੰਘ ਭਦੌੜੀਆ, ਨਿਰੰਜਣ ਸਿੰਘ, ਸਰਦਾਰ. ਰਤਨ ਸਿੰਘ, ਜਸਵੰਤ ਸਿੰਘ, ਨਿਰਮੈਲ ਸਿੰਘ ਤੇ ਪ੍ਰੀਤਮ ਸਿੰਘ ਦੇ ਘਰਾਂ ਵਿੱਚ ਚਰਨ ਪਾਏ। ਪਿੰਡ ਖਾਰਾ ਬਰਨਾਲਾ ਵਿਖੇ ਸਰਦਾਰ. ਰਾਮ ਸਿੰਘ ਪੁੱਤਰ ਸੁਖਦੇਵ ਸਿੰਘ ਦੇ ਘਰ ਦਰਸ਼ਨ ਦਿੱਤੇ। ਪਿੰਡ ਫਫੜੇ ਭਾਈ ਕੇ ਜ਼ਿਲ੍ਹਾ ਮਾਨਸਾ ਸਰਦਾਰ. ਧਰਮਜੀਤ ਸਿੰਘ, ਬਲੀ ਸਿੰਘ, ਦਸੌਂਧਾ ਸਿੰਘ, ਚਰਨਜੀਤ ਸਿੰਘ, ਗੁਰਮੀਤ ਸਿੰਘ ਦੇ

ਪਰਿਵਾਰਾਂ ਨੂੰ ਦਰਸ਼ਨ ਦੇ ਕੇ ਸ੍ਰੀ ਸਤਿਗੁਰੂ ਜੀ ਨੇ ਨਿਵਾਜ਼ਿਆ। ਕਾਫ਼ੀ ਹਨੇਰਾ ਹੋਣ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਪਿੰਡ ਲੱਲੂਆਣਾ ਦੇ ਬਾਹਰਵਾਰ ਸੜਕ ਤੇ ਸ. ਭਗਵਾਨ ਸਿੰਘ ਪੁੱਤਰ ਭੁਪਿੰਦਰ ਸਿੰਘ ਦੀ ਅਰਜ਼ ਮੰਨਦੇ ਹੋਏ ਪਰਿਵਾਰ ਨੂੰ ਦਰਸ਼ਨ ਦਿੱਤੇ ਅਤੇ ਫਫੜੇ ਭਾਈ ਕੇ ਹੀ ਸ. ਸੰਤੋਖ ਸਿੰਘ, ਜਗਦੀਪ ਸਿੰਘ, ਬਲਵਿੰਦਰ ਸਿੰਘ, ਬਲਵਿੰਦਰ ਸਿੰਘ ਪੁੱਤਰ ਹਰਦੇਵ ਸਿੰਘ, ਜਗਸੀਰ ਸਿੰਘ ਪੁੱਤਰ ਹਰਨੇਕ ਸਿੰਘ ਦੇ ਪਰਿਵਾਰਾਂ ਦੀ ਅਰਜ਼ ਕਰਨ ਤੇ ਘਰਾਂ ਵਿੱਚ ਚਰਨ ਪਾਏ। ਪਿੰਡ ਮਾਨਸਾ ਖੁਰਦ ਵਿਖੇ ਸ. ਹਰਮੀਤ ਸਿੰਘ ਦੇ ਘਰ ਚਰਨ ਪਾਉਣ ਦੀ ਕਿਰਪਾ ਕੀਤੀ, ਸਤਿਗੁਰੂ ਜੀ ਨੇ ਕਾਫੀ ਹਨੇਰਾ ਹੋਣ ਤੱਕ ਲਗਾਤਾਰ ਬਿਨਾਂ ਕਿਸੇ ਅਕੇਵੇਂ ਤੇ ਥਕੇਵੇਂ ਦੇ ਆਪਣੇ ਸਿੱਖਾਂ ਦੀਆਂ ਅਰਜ਼ ਬੇਨਤੀਆਂ ਪ੍ਰਵਾਨ ਕਰਦੇ ਹੋਏ ਸਿੱਖਾਂ ਸੇਵਕਾਂ ਨੂੰ ਪਰਿਵਾਰਾਂ ਸਹਿਤ ਨਿਵਾਜ਼ਿਆ। ਇੱਥੋਂ ਹੀ ਚੱਲ ਕੇ ਦੇਰ ਰਾਤ ਤੱਕ ਸ੍ਰੀ ਸਤਿਗੁਰੂ ਜੀ ਵਾਪਸ ਸ੍ਰੀ ਭੈਣੀ ਸਾਹਿਬ ਆਣ ਪਧਾਰੇ। ਇਹ ਸਾਰਾ ਦੌਰਾ ਸੂਬਾ ਇੰਦਰਜੀਤ ਸਿੰਘ ਮੱਲ, ਸੂਬਾ ਬਲਵੀਰ ਸਿੰਘ ਢਿੱਲਵਾਂ, ਸੂਬਾ ਗੁਰਮੇਲ ਸਿੰਘ ਰਾਏਸਰ, ਸੰਤ ਜਸਵੰਤ ਸਿੰਘ ਡੇਰਾ ਹਿੰਮਤਪੁਰਾ, ਸੰਤ ਕਾਲਾ ਸਿੰਘ ਗਹਿਲਾਂ, ਸ਼ੇਰ ਸਿੰਘ ਤੇ ਸਾਰੇ ਇਲਾਕੇ ਜ਼ਿੰਮੇਵਾਰ ਸੱਜਣਾਂ ਦੀ ਮੌਜੂਦਗੀ ਵਿੱਚ ਸਵੇਰੇ 7 ਵਜੇ ਸ਼ੁਰੂ ਹੋ ਕੇ ਦੇਰ ਰਾਤ 9 ਵਜੇ ਤਕ ਲਗਾਤਾਰ ਚੱਲਦਾ ਰਿਹਾ।

..................................................

## ਬੀੜ ਗੁਰੂ ਕੀ ਵਿਖੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ

ਨਾਮਧਾਰੀ ਪੰਥ ਦੇ ਇਤਿਹਾਸ ਵਿੱਚ ਜ਼ਿਕਰਯੋਗ ਨਾਮ ਹੈ। ਪਿੰਡ ਬੀੜ ਗੁਰੂ ਕਾ ਜ਼ਿਲ੍ਹਾ ਫਤਹਿਗੜ੍ਹ ਸਾਹਿਬ। ਦੇਸ਼ ਆਜ਼ਾਦੀ ਤੋਂ ਪਹਿਲਾਂ ਜਦੋਂ ਪੰਜਾਬ ਦਾ ਰਾਜ ਰਿਆਸਤੀ ਰਾਜਿਆਂ ਦੀ ਜ਼ਮੀਰ ਹੁੰਦੀ ਸੀ ਤਾਂ ਉਸ ਸਮੇਂ ਇਹ ਇਲਾਕਾ ਰਿਆਸਤ ਨਾਭਾ ਦੀ ਜਗੀਰ ਹੋਇਆ ਕਰਦਾ ਸੀ ਇਹ ਪਿੰਡ ਰਾਜਾ ਡਾ. ਰਿਪੁਦਮਨ ਸਿੰਘ ਨੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਚਰਨ ਭੇਟ ਕੀਤਾ ਸੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਇਸ ਧਰਤੀ ਨੂੰ ਆਪਣੇ ਸਿੱਖਾਂ ਦੀ ਰੋਜ਼ੀ ਰੋਟੀ ਲਈ ਵੰਡ ਦਿੱਤਾ ਅਤੇ ਇਸ ਬੇਆਬਾਦ ਜ਼ਮੀਨ ਨੂੰ ਕਰੜੀ ਮਿਹਨਤ ਕਰ ਕੇ ਉਪਜਾਊ ਬਣਾਇਆ ਪਿੰਡ ਬੀੜ ਗੁਰੂ ਕਾ ਦੇ ਹੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਨਿਵਾਜ਼ੇ ਸਿੱਖ ਸਨ ਸਰਦਾਰ ਅਪਾਰ ਸਿੰਘ ਜੀਪ ਸ. ਅਪਾਰ ਸਿੰਘ ਦੇ ਸਪੁੱਤਰ ਸ. ਜਸਪਾਲ ਸਿੰਘ ਜੋ ਕਿ ਪਿਛਲੇ ਸਾਲ ਸਵਰਗਵਾਸ ਹੋ ਗਏ ਸਨ। ਉਨ੍ਹਾਂ ਦੇ ਸਪੁੱਤਰ ਸ. ਹਰਜਿੰਦਰ ਸਿੰਘ, ਸਿਕੰਦਰ ਸਿੰਘ, ਬੀਰੇਂਦਰ ਸਿੰਘ ਨੇ ਆਪਣੇ ਪਿਤਾ ਸ. ਜਸਪਾਲ ਸਿੰਘ ਦੀ ਯਾਦ ਵਿੱਚ ਮੇਲਾ ਕੀਤਾ। ਪਰਿਵਾਰ ਵੱਲੋਂ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਚਰਨਾਂ ਵਿਚ ਅਰਜ਼ ਕੀਤੀ ਕਿ ਆਪ ਜੀ ਮੇਲੇ ਤੇ ਦਰਸ਼ਨ ਦੇਣ ਦੀ ਕਿਰਪਾ ਕਰੋ ਤਾਂ ਸ੍ਰੀ ਸਤਿਗੁਰੂ ਜੀ ਨੇ ਪਰਿਵਾਰ ਦੀ ਅਰਜ਼ ਬੇਨਤੀ ਪ੍ਰਵਾਨ ਕਰਦੇ ਹੋਏ 5 ਦਸੰਬਰ 2021 ਦਿਨ ਐਤਵਾਰ ਨੂੰ ਪਿੰਡ ਬੀੜ ਕੇ ਨਾਮਧਾਰੀ ਧਰਮਸ਼ਾਲਾ ਵਿਖੇ ਸ. ਜਸਪਾਲ ਸਿੰਘ ਨਮਿਤ ਹੋ ਰਹੇ ਮੇਲੇ ਸਮੇਂ ਦਰਸ਼ਨ ਦੇਣ ਦੀ ਕਿਰਪਾ ਕੀਤੀ। ਪੂਜਨੀਕ ਮਾਤਾ ਗੁਰਸ਼ਰਨ ਕੌਰ ਜੀ, ਕੈਨੇਡਾ ਤੋਂ ਬੀਬੀ ਹਰਜਿੰਦਰ ਕੌਰ ਅਤੇ ਇੰਗਲੈਂਡ ਬਰਿੰਘਮ ਤੋਂ ਬੀਬੀ ਬਲਜੀਤ ਕੌਰ ਵੀ ਇਸ ਸਮੇਂ ਨਾਲ ਸਨ। ਜਥੇ. ਕਮਾਲ ਸਿੰਘ ਸ੍ਰੀ ਭੈਣੀ ਸਾਹਿਬ ਦੀਵਾਨ ਸਜਾ ਰਹੇ ਸਨ। ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਦੇਣ ਸਮੇਂ ਸੰਗਤ ਨੇ ਸ਼ਰਧਾ ਅਤੇ ਸਤਿਕਾਰ ਸਹਿਤ ਭੇਟਾ ਧਰ ਸ੍ਰੀ ਸਤਿਗੁਰੂ ਜੀ ਨੂੰ ਨਮਸਕਾਰ ਕੀਤੀ। ਪਵਿੱਤਰ ਗੁਰਬਾਣੀ ਦੇ ਇਕ ਪਾਠ ਦਾ ਭੋਗ ਸ. ਜਸਪਾਲ ਸਿੰਘ ਨਮਿੱਤ ਵਰੀਨੇ ਦਾ ਪਾਇਆ ਗਿਆ। ਭੋਗ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਸ. ਹਰਦੀਪ ਸਿੰਘ ਪੁੱਤਰ ਸ. ਬਚਨ ਸਿੰਘ, ਕੁਲਵਿੰਦਰ ਸਿੰਘ ਪੁੱਤਰ ਬਖਸ਼ੀਸ਼ ਸਿੰਘ, ਹਰਜਿੰਦਰ ਸਿੰਘ ਪੁੱਤਰ ਨਾਜਰ ਸਿੰਘ, ਸੁਖਦੇਵ ਸਿੰਘ ਪੁੱਤਰ ਪ੍ਰੀਤਮ ਸਿੰਘ, ਸੁਰਿੰਦਰ ਸਿੰਘ, ਸ. ਸੁਰਿੰਦਰ ਸਿੰਘ ਪੁੱਤਰ ਜਰਨੈਲ ਸਿੰਘ, ਜਸਪਾਲ ਸਿੰਘ ਪੁੱਤਰ ਅਪਾਰ ਸਿੰਘ, ਜੋਗਾ ਸਿੰਘ ਦੇ ਘਰਾਂ ਵਿੱਚ ਚਰਨ ਪਾਉਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ ਅਤੇ ਇੱਥੋਂ ਹੀ ਵਾਪਸ ਸ੍ਰੀ ਭੈਣੀ ਸਾਹਿਬ ਲਈ ਚਾਲੇ ਪਾਏ।

..................................................

## ਸ੍ਰੀ ਸਤਿਗੁਰੂ ਜੀ ਦੇ ਕਾਲਕਾ ਵਿਖੇ ਦਰਸ਼ਨ

ਸੋਲਨ ਤੋਂ ਵਾਪਸ ਆਉਂਦੇ ਸਮੇਂ ਰਸਤੇ ਵਿੱਚ ਹਰਿਆਣੇ ਦੇ ਸ਼ਹਿਰ ਕਾਲਕਾ ਵਿਖੇ ਦਰਸ਼ਨ ਦੇਣ ਦੀ ਕਿਰਪਾ ਕੀਤੀ। ਅੱਪਰ ਮੁਹੱਲਾ ਕਾਲਕਾ ਸ਼ਹਿਰ ਵਿਖੇ ਸ. ਪ੍ਰਕਾਸ਼ ਸਿੰਘ, ਸ. ਹਰਿਭਜਨ ਸਿੰਘ, ਸ. ਜਗਤਾਰ ਸਿੰਘ, ਬਾਬੂ ਰਾਮ ਸ਼ਰਨ ਜੀ ਅਤੇ ਸ. ਜਸਬੀਰ ਸਿੰਘ ਬੰਟੀ ਦੇ ਘਰਾਂ ਵਿੱਚ ਦਰਸ਼ਨ ਦੇਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਇੱਥੋਂ ਹੀ ਸ੍ਰੀ ਸਤਿਗੁਰੂ ਜੀ ਦੀਆਂ ਗੱਡੀਆਂ ਦਾ ਕਾਫ਼ਲਾ ਵਾਇਆ ਖਰੜ ਹੁੰਦੇ ਹੋਏ ਵਾਪਸ ਸ੍ਰੀ ਭੈਣੀ ਸਾਹਿਬ ਆ ਗਿਆ।

**ਸੂਬਾ ਬਲਵਿੰਦਰ ਸਿੰਘ ਝੱਲ**

..................................................

# ਨਾਮਧਾਰੀ ਸ਼ਹੀਦੀ ਸਮਾਰਕ ਲੁਧਿਆਣਾ ਵਿਖੇ ਸ਼ਹੀਦੀ ਮੇਲਾ

**28 ਨਵੰਬਰ 2021** ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਵਿੱਢੇ ਆਜ਼ਾਦੀ ਸੰਗਰਾਮ ਦੇ ਦੌਰਾਨ ਭਾਰਤ ਨੂੰ ਆਜ਼ਾਦ ਕਰਾਉਣ ਲਈ 26 ਨਵੰਬਰ 1871 ਨੂੰ ਲੁਧਿਆਣੇ ਵਿਖੇ ਹੋਏ ਮਹਾਨ ਸ਼ਹੀਦ ਸੂਬਾ ਗਿਆਨੀ ਰਤਨ ਸਿੰਘ ਅਤੇ ਸੰਤ ਰਤਨ ਸਿੰਘ ਦੀ ਯਾਦ ਵਿੱਚ ਲੁਧਿਆਣੇ ਵਿਖੇ ਨਵ ਉਸਾਰੇ ਸ਼ਹੀਦੀ ਸਮਾਰਕ ਹਾਲ ਵਿੱਚ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਪਾਵਨ ਹਜ਼ੂਰੀ ਵਿੱਚ ਸ਼ਹੀਦਾਂ ਦੀ ਯਾਦ ਵਿੱਚ 28 ਨਵੰਬਰ 2021 ਦਿਨ ਐਤਵਾਰ ਨੂੰ ਸ਼ਹੀਦੀ ਮੇਲਾ ਬੜੀ ਧੂਮਧਾਮ ਨਾਲ ਮਨਾਇਆ ਗਿਆ। ਭਾਰਤ ਦੇਸ਼ ਦੀ ਆਜ਼ਾਦੀ ਲਈ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਵੱਲੋਂ ਆਰੰਭੇ ਆਜ਼ਾਦੀ ਸੰਘਰਸ਼ ਜੋ ਸਭ ਤੋਂ ਪਹਿਲਾਂ ਪੰਜਾਬ ਦੀ ਪਵਿੱਤਰ ਧਰਤੀ ਸ੍ਰੀ ਭੈਣੀ ਸਾਹਿਬ ਤੋਂ 12 ਅਪ੍ਰੈਲ 1857 ਈ. ਨੂੰ ਆਰੰਭ ਹੋਇਆ। ਇਸੇ ਆਜ਼ਾਦੀ ਸੰਘਰਸ਼ ਦੌਰਾਨ ਹੀ ਲੁਧਿਆਣੇ ਵਿਖੇ ਸ਼ਹਾਦਤ ਦਾ ਜਾਮ ਪੀਣ ਵਾਲੇ ਦੋ ਨਾਮਧਾਰੀ ਸ਼ਹੀਦਾਂ ਸੂਬਾ ਗਿਆਨੀ ਰਤਨ ਸਿੰਘ ਅਤੇ ਸੰਤ ਰਤਨ ਸਿੰਘ ਨਾਈਵਾਲਾ ਦੀ ਯਾਦ ਵਿੱਚ ਮੇਲਾ। ਬੜੀ ਹੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵੱਲੋਂ ਚਿਤਵੇ ਅਤੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਕ੍ਰਿਪਾ ਸਦਕਾ ਨਵ-ਉਸਾਰੇ ਸਮਾਰਕ ਹਾਲ ਵਿੱਚ 28 ਨਵੰਬਰ 2021 ਦਿਨ ਐਤਵਾਰ ਸਵੇਰੇ ਆਸਾ ਦੀ ਵਾਰ ਦਾ ਕੀਰਤਨ ਜਥੇਦਾਰ ਅਮਰੀਕ ਸਿੰਘ, ਸੂਬਾ ਅਜੀਤ ਸਿੰਘ, ਜਥੇਦਾਰ ਹਰਨਾਮ ਸਿੰਘ, ਸਵਿੰਦਰ ਸਿੰਘ, ਆਸਾ ਸਿੰਘ, ਸੰਤਾ ਸਿੰਘ, ਸੁੰਦਰ ਸਿੰਘ, ਗੰਗਾ ਸਿੰਘ ਆਦਿ ਕੀਰਤਨੀ ਜਥੇ ਨੇ ਵਾਰੇ ਦੇ ਰੂਪ ਵਿੱਚ ਕੀਤਾ। ਇਸ ਦੇ ਨਾਲ ਹੀ ਜਥੇ. ਮਨਜੀਤ ਸਿੰਘ ਜੀ ਦੀ ਦੇਖ-ਰੇਖ ਹੇਠ ਸ਼ਹੀਦਾਂ ਦੀ ਯਾਦ ਵਿੱਚ ਸੱਤ ਹਵਨ ਕੀਤੇ ਗਏ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 11 ਸਧਾਰਨ ਪਾਠਾਂ ਦੇ ਭੋਗ ਪਾਏ ਗਏ। ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਹਜ਼ੂਰੀ ਵਿੱਚ ਹੀ ਜਥੇ. ਕਮਾਲ ਸਿੰਘ ਨੇ ਦੀਵਾਨ ਰਾਹੀਂ ਦੱਸਿਆ ਕਿ ਸਿੱਖ ਇਤਿਹਾਸ ਵਿੱਚ ਭਾਰਤ ਦੀ ਆਜ਼ਾਦੀ ਦੇ ਲਈ ਨਾਮਧਾਰੀ ਸਿੰਘਾਂ ਦੀ ਲਾਸਾਨੀ ਕੁਰਬਾਨੀਆਂ ਨੂੰ ਸੁਨਹਿਰੀ ਅੱਖਰਾਂ ਵਿਚ ਲਿਖਿਆ ਜਾ ਚੁੱਕਾ ਹੈ ਜਿਵੇਂ ਕਿ ਇਨ੍ਹਾਂ ਨਾਮਧਾਰੀ ਸਿੰਘਾਂ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਵੱਲੋਂ ਅੰਗਰੇਜ਼ੀ ਹਕੂਮਤ ਵਿਰੁੱਧ ਚਲਾਈ ਹੋਈ ਨਾ-ਮਿਲਵਰਤਨ ਲਹਿਰ ਨੂੰ ਅਪਣਾ ਕੇ ਸੰਘਰਸ਼ ਕੀਤਾ। ਜਥੇਦਾਰ ਜੀ ਨੇ ਦੱਸਿਆ ਕਿ ਅੰਗਰੇਜ਼ੀ ਸਾਮਰਾਜ ਵਿਰੁੱਧ ਕੋਈ ਉੱਚੀ ਸਾਹ ਨਹੀਂ ਸੀ ਲੈਂਦਾ। ਭਾਰਤੀਆਂ ਨੂੰ ਗੁਲਾਮੀ ਦੀਆਂ ਜ਼ੰਜੀਰਾਂ ਵਿੱਚੋਂ ਕੱਢਣ ਲਈ ਸਤਿਗੁਰੂ ਰਾਮ ਸਿੰਘ ਜੀ ਨੇ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਦੱਸ ਦਸਮ ਪਾਤਸ਼ਾਹ ਜੀ ਦੀ ਸਿੱਖੀ ਨੂੰ ਮੁੜ ਸੁਰਜੀਤ ਕੀਤਾ। ਜਿਸ ਦੇ ਰਾਜ ਵਿੱਚ ਸੂਰਜ ਨਹੀਂ ਸੀ ਛਿਪਦਾ ਉਸਨੂੰ ਦਾੜ੍ਹੀਆਂ ਫੜ੍ਹ ਕੇ ਝੰਜੋੜਨ ਦੀ ਸ਼ਕਤੀ ਪੈਦਾ ਕਰ ਦਿੱਤੀ ਤੋਪਾਂ ਦੇ ਗੋਲੇ ਛਾਤੀਆਂ ਤੇ ਸਹਿਣ ਦੀ ਹਿੰਮਤ ਪੈਦਾ ਕਰ ਦਿੱਤੀ ਫਾਂਸੀਆਂ ਦੇ ਰੱਸੇ ਆਪ ਗਲ਼ੇ ਵਿੱਚ ਪਾ ਸ਼ਹਾਦਤਾਂ ਦਿੱਤੀਆਂ।

ਸੇਵਕ ਹਰਪਾਲ ਸਿੰਘ ਜੀ ਨੇ ਸ਼ਹੀਦਾਂ ਪ੍ਰਤੀ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਦੱਸਿਆ ਕਿ ਸੂਬਾ ਗਿਆਨੀ ਰਤਨ ਸਿੰਘ ਜੀ ਸੰਤ ਰਤਨ ਸਿੰਘ ਜੀ ਸ਼ਹਾਦਤਾਂ ਪਾਉਣ ਵੇਲੇ ਫਾਂਸੀ ਦੇ ਤਖ਼ਤੇ ਤੇ ਖਲੋ ਕੇ ਆਪਣੇ ਹੱਥੀਂ ਗਲ਼ ਵਿੱਚ ਫ਼ਾਂਸੀ ਦਾ ਰੱਸਾ ਪਾਉਣ ਲੱਗਿਆ ਸੂਬਾ ਰਤਨ ਸਿੰਘ ਉਰਫ ਗਿਆਨੀ ਸਿੰਘ ਨੇ ਅੰਗਰੇਜ਼ ਹਕੂਮਤ ਨੂੰ ਵੰਗਾਰ ਕੇ ਆਖਿਆ ਕਿ- "ਬਿੱਲਿਆ ਪਿੱਠ ਕਿਉਂ ਕੀਤੀ ਆ ਜਵਾਈ ਵੰਨੇ, ਮੂੰਹ ਤਾਂ ਸਾਹਮਣੇ ਰੱਖ, ਮੁੜ ਕੋਈ ਮਾਉਂ ਜਣੇਗੀ ਜਵਾਨ ਹੋਇ ਕੇ ਸ੍ਰੀ ਸਾਹਿਬ ਫੜਾਂਗੇ ਅਤੇ ਤੁਸਾਂ ਨੂੰ ਦੇਸੋ ਬਾਹਰ ਕੱਢ ਕੇ ਰਹਾਂਗੇ।" ਅਜਿਹੀ ਖ਼ਾਲਸਾਈ ਸੂਰਬੀਰਤਾ ਨੇ ਅੰਗਰੇਜ਼ੀ ਹਾਕਮਾਂ ਦੀ ਨੀਂਦ ਹਰਾਮ ਕਰਕੇ ਰੱਖ ਦਿੱਤੀ।

ਇਸ ਵੇਲੇ ਮੇਲੇ ਦੇ ਦੌਰਾਨ ਹੀ ਅਜਿਹਾ ਆਪਣੀ ਹਾਜ਼ਰੀ ਲਗਾਉਂਦਿਆਂ ਸੂਬਾ ਅਜੀਤ ਸਿੰਘ ਬਟਾਲਾ, ਜਥੇ. ਜੋਗਾ ਸਿੰਘ ਭੰਗੂਰ ਤੇ ਨੌਜਵਾਨ ਜਥੇ. ਬਲਦੇਵ ਸਿੰਘ, ਅਤੇ ਗੁਰਸੇਵਕ ਸਿੰਘ ਜੀ ਨੇ ਵੀ ਸ਼ਹੀਦਾਂ ਪ੍ਰਤੀ ਹੱਲੇ ਦਾ ਕੀਰਤਨ ਰਾਹੀਂ ਆਪਣੇ ਵਿਚਾਰ ਸਾਂਝੇ ਕੀਤੇ। ਸੰਤ ਸੁਰਿੰਦਰ ਸਿੰਘ ਪ੍ਰਧਾਨ, ਬਲਵੀਰ ਸਿੰਘ, ਸੂਬਾ ਹਰਭਜਨ ਸਿੰਘ, ਭਾਈ ਸੁਰਿੰਦਰ ਸਿੰਘ, ਸੰਤ ਤਰਲੋਚਨ ਸਿੰਘ ਮਠਾੜੂ, ਡਾ. ਲਖਵੀਰ ਸਿੰਘ ਰਾਮਪੁਰਾ ਫੂਲ, ਅਜੀਤ ਸਿੰਘ ਨਾਮਧਾਰੀ ਨੇ ਵੀ ਸ਼ਹੀਦਾਂ ਪ੍ਰਤੀ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਆਖਿਆ ਕਿ ਸਤਿਗੁਰੂ ਰਾਮ ਸਿੰਘ ਜੀ ਵੱਲੋਂ ਆਰੰਭੇ ਆਜ਼ਾਦੀ ਸੰਘਰਸ਼ ਦੇ ਲਈ ਨਾਮਧਾਰੀ ਕੂਕੇ ਸਿੰਘਾਂ ਵੱਲੋਂ ਦਿੱਤੀਆਂ ਕੁਰਬਾਨੀਆਂ ਸਦਕਾ ਹੀ ਅੱਜ ਅਸੀਂ ਆਜ਼ਾਦੀ ਦਾ ਨਿੱਘ ਮਾਣ ਰਹੇ ਹਾਂ। ਫਿਰ ਜੋਗਿੰਦਰ ਸਿੰਘ ਕੰਗ, ਦਲਬੀਰ ਸਿੰਘ ਜੋਸ਼ ਅਤੇ ਸੁਰਿੰਦਰ ਸਿੰਘ ਨਾਮਧਾਰੀ ਨੇ ਆਪਣੀਆਂ ਕਵਿਤਾਵਾਂ ਰਾਹੀਂ ਸ਼ਹੀਦਾਂ ਨੂੰ ਯਾਦ ਕੀਤਾ।

ਇਸੇ ਮੌਕੇ ਹੀ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਚਾਰ ਬਜ਼ੁਰਗਾਂ ਸੰਤ ਮਹਿੰਦਰ ਸਿੰਘ ਸਪੁੱਤਰ ਸੰਤ ਤਰਲੋਕ ਸਿੰਘ,

ਸੰਤ ਅਮਰਿੰਦਰਜੀਤ ਸਿੰਘ ਸਪੁੱਤਰ ਸੰਤ ਬ੍ਰਹਮਾ ਸਿੰਘ ਪਨੇਸਰ, ਬੀਬੀ ਪਰਮਜੀਤ ਕੌਰ ਸੁਪਤਨੀ ਜਥੇ. ਦਰਸ਼ਨ ਸਿੰਘ, ਬੀਬੀ ਨਰਿੰਦਰ ਕੌਰ ਸੁਪਤਨੀ ਸੰਤ ਸੁਰਜੀਤ ਸਿੰਘ ਨੂੰ ਸਨਮਾਨਿਤ ਕੀਤਾ।

ਨਵੇਂ ਬਣੇ ਹਾਲ ਦਾ ਉਦਘਾਟਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਆਪਣੇ ਪਵਿੱਤਰ ਕਰ ਕਮਲਾਂ ਨਾਲ ਜੈਕਾਰਿਆਂ ਦੀ ਗੂੰਜ ਵਿੱਚ ਕੀਤਾ ਅਤੇ ਇਸ ਮੌਕੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ ਦੇ ਬੱਚਿਆਂ ਅਤੇ ਹਜ਼ੂਰੀ ਰਾਗੀ ਸੰਤ ਹਰਬੰਸ ਸਿੰਘ ਘੁੱਲਾ ਜੀ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਮੇਲੇ ਦੀ ਰੌਣਕ ਵਧਾਉਣ ਅਤੇ ਮਹਾਨ ਸ਼ਹੀਦ ਸਿੰਘਾਂ ਨੂੰ ਨਤਮਸਤਕ ਹੋਣ ਲਈ ਅੰਮ੍ਰਿਤਸਰ, ਤਰਨਤਾਰਨ, ਜਲੰਧਰ, ਫਗਵਾੜਾ, ਰਾਮਪੁਰਾ ਫੂਲ, ਯਮੁਨਾਨਗਰ ਅਤੇ ਹੋਰ ਵੀ ਕਈ ਇਲਾਕਿਆਂ ਤੋਂ ਸੰਗਤ ਹੁਮ-ਹੁਮਾ ਕੇ ਸ਼ਾਮਲ ਹੋਈ ਅਤੇ ਸ੍ਰੀ ਸਤਿਗੁਰੂ ਜੀ ਤੋਂ ਖੁਸ਼ੀਆਂ ਝੋਲੀ 'ਚ ਪੁਆਈਆ। ਇਸੇ ਦੌਰਾਨ ਹੀ ਨਾਨਕਸਰ ਸਮਰਾਲਾ ਚੌਂਕ ਲੁਧਿਆਣਾ ਦੇ ਗੁਰਦੁਆਰੇ ਤੋਂ ਸੰਤ ਬਾਬਾ ਜਸਵੰਤ ਸਿੰਘ ਜੀ ਦੇ ਨਵੇਂ ਉੱਤਰਾਧਿਕਾਰੀ ਵੱਲੋਂ ਜਥਾ ਵੀ ਸ਼ਾਮਿਲ ਹੋਇਆ। ਸ. ਸੋਹਨ ਸਿੰਘ ਗੋਗਾ, ਪ੍ਰਧਾਨ ਕੁੰਦਨ ਸਿੰਘ, ਚੇਅਰਮੈਨ ਗੁਰਦੁਆਰਾ ਸਿੰਘ ਸਭਾ ਪ੍ਰਤਾਪ ਨਗਰ ਤੋਂ ਆ ਹਾਜ਼ਰੀ ਲਵਾਈ ਅਤੇ ਸ੍ਰੀ ਸਤਿਗੁਰੂ ਜੀ ਤੋਂ ਸਨਮਾਨ ਹਾਸਲ ਕੀਤਾ। ਮੇਲੇ ਦੀ ਸੇਵਾ ਸਵ: ਸੰਤ ਰਾਜਿੰਦਰਪਾਲ ਸਿੰਘ ਸੂਰਾ ਦੇ ਪਰਿਵਾਰ ਨੇ ਸ਼ਰਧਾ ਭਾਵਨਾ ਅਤੇ ਬੜੇ ਉਤਸ਼ਾਹ ਨਾਲ ਕੀਤੀ। ਲੰਗਰ ਗੁਰੂ ਕਾ ਅਤੁੱਟ ਵਰਤਾਇਆ ਗਿਆ।

**ਸਵਿੰਦਰ ਸਿੰਘ ਨਾਮਧਾਰੀ**

................................................

## ਅੰਤਿਮ ਅਰਦਾਸ ਤੇ ਪਾਠ ਦਾ ਭੋਗ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਦਰ-ਘਰ ਦੀ ਪ੍ਰੀਤਵਾਨ ਮਾਤਾ ਜਸਬੀਰ ਕੌਰ ਸੁਪਤਨੀ ਸ੍ਰ. ਅਜੀਤ ਸਿੰਘ ਅੰਮ੍ਰਿਤਸਰ ਪਿਛਲੇ ਦਿਨੀਂ ਸਤਿਗੁਰੂ ਜੀ ਵੱਲੋਂ ਬਖ਼ਸ਼ੀ ਆਯੂ ਨੂੰ ਭੋਗ ਕੇ ਸਤਿਗੁਰੂ ਜੀ ਦੇ ਚਰਨਾਂ ਵਿੱਚ ਜਾ ਬਿਰਾਜੇ। ਮਾਤਾ ਜੀ ਕਾਫੀ ਸਮੇਂ ਤੋ ਬੀਮਾਰ ਚਲ ਰਹੇ ਸਨ। ਉਨਾਂ ਦੇ ਦੋਵਾਂ ਪੁਤਰਾਂ ਅਵਤਾਰ ਸਿੰਘ ਤੇ ਸਾਹਿਬ ਸਿੰਘ ਨੇ ਬਹੁਤ ਸੇਵਾ ਕੀਤੀ। ਮਾਤਾ ਜੀ ਅੰਤ ਸਮੇਂ ਤੱਕ ਨਾਮ ਸਿਮਰਨ ਕਰਦੇ ਰਹੇ ਉਹਨਾਂ



ਆਪਣੇ ਬਚਿਆਂ ਨੂੰ ਸਤਿਗੁਰੂ ਜੀ ਦੇ ਚਰਨਾਂ ਨਾਲ ਜੋੜੀ ਰੱਖਿਆ। 14-10-2021 ਨੂੰ ਦੁਪਹਿਰ 12 ਤੋਂ 2 ਵਜੇ ਤੱਕ ਉਹਨਾਂ ਦੇ ਨਮਿਤ ਪਾਠ ਦਾ ਭੋਗ ਨਾਮਧਾਰੀ ਸ਼ਹੀਦੀ ਸਮਾਰਕ ਅੰਮ੍ਰਿਤਸਰ ਵਿਖੇ ਪਾਇਆ ਗਿਆ। ਜਿਸ ਵਿਚ ਉਨਾਂ ਦੇ ਸਾਕ ਸਨਬੰਧੀ ਤੇ ਸਾਧ ਸੰਗਤ ਸ਼ਾਮਿਲ ਹੋਈ। ਜਥੇ: ਦਵਿੰਦਰ ਸਿੰਘ ਕੋਹਾਲੀ ਦੇ ਜਥੇ ਨੇ ਸ਼ਬਦ ਕੀਰਤਨ ਕੀਤਾ। ਸਾਧ-ਸੰਗਤ ਅੰਮ੍ਰਿਤਸਰ ਵਲੋਂ ਰਵਿੰਦਰ ਸਿੰਘ ਜੌਹਲ ਨੇ ਮਾਤਾ ਜੀ ਨੂੰ ਸ਼ਰਧਾ ਦੇ ਫੁੱਲ ਅਰਪਿਤ ਕਰਦਿਆ ਪਰਿਵਾਰ ਨੂੰ ਗੁਰਸਿਖੀ ਨਾਲ ਜੁੜੇ ਰਹਿਣ ਲਈ ਆਖਿਆ। ਅੰਤਿਮ ਅਰਦਾਸ ਸੂਬਾ ਅਮਰੀਕ ਸਿੰਘ ਨੇ ਗੁਰੂ ਚਰਨਾਂ ਵਿਚ ਕੀਤੀ। ਪਰਿਵਾਰ ਨੇ ਗੁਰੂ ਕੇ ਲੰਗਰ ਦੀ ਸੇਵਾ ਕੀਤੀ।

**ਰਵਿੰਦਰ ਸਿੰਘ ਜੌਹਲ**

................................................

## ਸ੍ਰੀ ਸਤਿਗੁਰੂ ਜੀ ਦੇ ਹਿਮਾਚਲ ਵਿਖੇ ਦਰਸ਼ਨ

ਨਾਮਧਾਰੀ ਸਾਧ ਸੰਗਤ ਸੋਲਨ ਹਿਮਾਚਲ ਪ੍ਰਦੇਸ਼ ਦੀ ਅਰਜ਼ ਬੇਨਤੀ ਪ੍ਰਵਾਨ ਕਰਦੇ ਹੋਏ। ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ 30 ਨਵੰਬਰ 2021 ਦਿਨ ਮੰਗਲਵਾਰ ਸਾਧ ਸੰਗਤ ਨੂੰ ਦਰਸ਼ਨ ਦੇ ਕੇ ਨਿਵਾਜ਼ਿਆ। ਸ੍ਰੀ ਸਤਿਗੁਰੂ ਜੀ ਦੇ ਸਿੱਖਾਂ ਸੇਵਕਾਂ ਸਹਿਤ ਮਾਤਾ ਗੁਰਸ਼ਰਨ ਕੌਰ ਜੀ ਹਾਜ਼ਰ ਸਨ। ਸ੍ਰੀ ਭੈਣੀ ਸਾਹਿਬ ਤੋਂ ਸਵੇਰੇ 8:20 ਦੇ ਕਰੀਬ ਵਾਇਆ ਚੰਡੀਗੜ੍ਹ ਕਾਲਕਾ ਹੁੰਦੇ ਹੋਏ ਸ੍ਰੀ ਸਤਿਗੁਰੂ ਜੀ ਹਿਮਾਚਲ ਪ੍ਰਦੇਸ਼ ਦੇ ਸ਼ਹਿਰ ਸੋਲਨ ਵਿਖੇ ਪਹੁੰਚੇ ਰਾਜਗੜ੍ਹ ਰੋਡ ਸ. ਰਤਨ ਸਿੰਘ ਦੇ ਘਰ ਪਧਾਰੇ ਤਾਂ ਸੰਗਤ ਨੇ ਬਹੁਤ ਹੀ ਉਤਸ਼ਾਹ ਅਤੇ ਚਾਅ ਨਾਲ ਸ੍ਰੀ ਸਤਿਗੁਰੂ ਜੀ ਦਾ ਸਵਾਗਤ ਕੀਤਾ ਤੇ ਜੀ ਆਇਆਂ ਆਖਿਆ। ਇੱਥੇ ਹੀ ਸ੍ਰੀ ਸਤਿਗੁਰੂ ਜੀ ਨੇ ਅਰਜ਼ ਪ੍ਰਵਾਨ ਕਰਦੇ ਹੋਏ ਘਰਾਂ ਵਿੱਚ ਚਰਨ ਪਾਉਣ ਦੀ ਕਿਰਪਾ ਕੀਤੀ ਸ. ਲਾਲ ਸਿੰਘ ਪੁੱਤਰ ਰਤਨ ਸਿੰਘ,

ਅਮਰੀਕ ਸਿੰਘ ਪੁੱਤਰ ਸੁਲੱਖਣ ਸਿੰਘ, ਰਜਿੰਦਰ ਸਿੰਘ ਪੁੱਤਰ ਸੋਹਣ ਸਿੰਘ, ਭੁਪਿੰਦਰ ਸਿੰਘ ਪੁੱਤਰ ਸੋਹਣ ਸਿੰਘ, ਅਮਰੀਕ ਸਿੰਘ ਪੁੱਤਰ ਗੁਲਸ਼ਨ ਸਿੰਘ ਦੇ ਪਰਿਵਾਰਾਂ ਨੂੰ ਦਰਸ਼ਨ ਦਿੱਤੇ ਅਤੇ ਘਰਾਂ ਵਿੱਚ ਚਰਨ ਪਾਉਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਸੋਲਨ ਤੋਂ ਹੀ ਕੁਝ ਕਿਲੋਮੀਟਰ ਪਿੰਡ ਕੱਟੀ ਵਿਖੇ ਸ. ਗੁਲਾਬ ਸਿੰਘ ਦੇ ਸਪੁੱਤਰ ਸ. ਪਰਮਿੰਦਰ ਸਿੰਘ, ਬਲਜਿੰਦਰ ਸਿੰਘ ਅਤੇ ਉੱਤਮ ਸਿੰਘ ਪਰਿਵਾਰਾਂ ਨੂੰ ਦਰਸ਼ਨ ਦੇ ਕੇ ਨਿਵਾਜ਼ਿਆ। ਇੱਥੇ ਹੀ ਛੋਟੇ ਬੱਚੇ ਬਸੰਤ ਸਿੰਘ ਅਤੇ ਬੇਅੰਤ ਸਿੰਘ ਨੇ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਪਾਠ ਸੁਣਾਇਆ ਅਤੇ ਸ੍ਰੀ ਸਤਿਗੁਰੂ ਜੀ ਨੇ ਪਰਿਵਾਰ ਨੂੰ ਹੁਕਮ ਕੀਤਾ ਕਿ ਉਹ ਬੱਚਿਆਂ ਨੂੰ ਗੁਰਬਾਣੀ ਦਾ ਪਾਠ ਅਤੇ ਨਾਮ ਸਿਮਰਨ ਰੋਜ਼ਾਨਾ ਕਰਵਾਇਆ ਕਰਨ। ਇਸ ਕਰਕੇ ਬੱਚਿਆਂ ਵਿਚ ਗੁਰਸਿੱਖੀ ਦੀ ਭਾਵਨਾ ਹਮੇਸ਼ਾਂ ਬਣੀ ਰਹਿੰਦੀ ਹੈ ਇੱਥੇ ਹੀ ਵਾਪਸ ਕਾਲਕਾ ਲਈ ਚੱਲ ਪਏ।

**ਸੂਬਾ ਬਲਵਿੰਦਰ ਸਿੰਘ ਝੱਲ**

.............................................

## ਪੰਜਾਬੀ ਦੇ ਸ਼੍ਰੋਮਣੀ ਸਾਹਿਤਕਾਰ ਗੁਰਦੇਵ ਰੁਪਾਣਾ ਨਹੀਂ ਰਹੇ

5 ਦਸੰਬਰ 2021 ਨੂੰ ਪੰਜਾਬੀ ਦੇ ਨਾਮਵਰ ਸਾਹਿਤਕਾਰ ਗੁਰਦੇਵ ਰੁਪਾਣਾ ਜੀ (85 ਸਾਲ) ਦਾ ਦੇਹਾਂਤ ਹੋ ਗਿਆ। ਉਹ ਪਿਛਲੇ ਦਿਨਾਂ ਵਿੱਚ ਸਾਹ ਦੀ ਤਕਲੀਫ਼ ਕਾਰਨ ਹਸਪਤਾਲ ਦਾਖਲ ਸਨ। ਸਾਹਿਤਕ ਹਲਕੇ ਵਿੱਚ ਗੁਰਦੇਵ ਰੁਪਾਣਾ 1970 ਈ. ਵਿੱਚ



ਆਪਣੀ ਕਹਾਣੀਆਂ ਦੀ ਕਿਤਾਬ ਟੋਟਾ ਔਰਤ, ਆਮ ਖਾਸ, ਡਿਫੈਂਸ ਲਾਈਨ, ਆਪਣੀ ਅੱਖ ਦਾ ਜਾਦੂ ਲੈ ਸ਼ਾਮਲ ਹੋਏ। ਕਹਾਣੀਆਂ ਤੋਂ ਇਲਾਵਾ 'ਜਲ ਦੇਵ, ਆਸੋ ਦਾ ਟੱਬਰ, ਗੋਰੀ ਤੇ ਸ੍ਰੀ ਪਾਰਵਾ' ਵਰਗੇ ਨਾਵਲ ਉਨ੍ਹਾਂ ਪਾਠਕਾਂ ਦੀ ਝੋਲੀ ਪਾਏ। ਉਨ੍ਹਾਂ ਦੀਆਂ ਕਈ ਕਹਾਣੀਆਂ ਦਾ ਵੱਖ-ਵੱਖ ਭਾਸ਼ਾਵਾਂ ਵਿੱਚ ਅਨੁਵਾਦ ਹੋਇਆ। ਸਾਹਿਤਕਾਰੀ ਜਗਤ ਵਿੱਚ ਉਨ੍ਹਾਂ ਨੂੰ ਬਹੁਤ ਸਾਰੇ ਮਾਣ ਸਨਮਾਨ ਪ੍ਰਾਪਤ ਹੋਏ। ਜਿਨ੍ਹਾਂ ਦੀ ਫਰਿਸ਼ਤ ਬਹੁਤ ਲੰਬੀ ਹੈ। ਸਤਿਜੁਗ ਅਦਾਰਾ ਉਹਨਾਂ ਨੂੰ ਸ਼ਰਧਾਂਜਲੀ ਭੇਟ ਕਰਦਾ ਹੈ

.............................................

## ਜਥੇ. ਬਲਵਿੰਦਰ ਸਿੰਘ ਪਊਵਿਆਂ ਖੜਾਵਾਂ ਵਾਲੇ ਨਹੀਂ ਰਹੇ

ਜਥੇਦਾਰ ਬਲਵਿੰਦਰ ਸਿੰਘ ਪਊਵਿਆਂ ਵਾਲੇ ਪਿਛਲੇ ਦਿਨੀਂ 1 ਦਸੰਬਰ 2021 ਨੂੰ ਆਪਣੀ ਸੰਸਾਰਿਕ ਯਾਤਰਾ ਪੂਰੀ ਕਰ ਗਏ ਹਨ। ਜਥੇਦਾਰ ਬਲਵਿੰਦਰ ਸਿੰਘ ਸਤਿਗੁਰੂ ਰਾਮ ਸਿੰਘ ਦੇ ਸੱਚੇ



ਸੁੱਚੇ ਸਿਦਕਵਾਨ ਸਿੱਖ ਸਨ। ਜਥੇ. ਬਲਵਿੰਦਰ ਸਿੰਘ ਦੇ ਦਾਦਾ ਸੰਤ ਗੰਢਾ ਸਿੰਘ ਜੀ ਅੰਮ੍ਰਿਤਸਰ ਸਾਕੇ ਦੇ ਸ਼ਹੀਦ ਝੰਡਾ ਸਿੰਘ ਠੱਠਾ ਦੇ ਪਰਿਵਾਰ ਦੀ ਪ੍ਰੇਰਨਾ ਨਾਲ ਨਾਮਧਾਰੀ ਬਣੇ ਆਪ ਦੇ ਪਿਤਾ ਸੰਤ ਈਸ਼ਰ ਸਿੰਘ 1932 ਈ. ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮਾਂ ਅਨੁਸਾਰ ਸ੍ਰੀ ਭੈਣੀ ਸਾਹਿਬ ਆਏ ਸਨ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸੰਤ ਸੰਤਾ ਸਿੰਘ ਖਾਰਾ ਕੋਲ ਦਸਤਕਾਰੀ ਦਾ ਕੰਮ ਸਿੱਖਿਆ ਪਊਏ ਖੜਾਵਾਂ ਬਣਾਉਣ ਲੱਗੇ ਜੋ ਨਾਮਧਾਰੀ ਜੀਵਨ ਜਾਚ ਦਾ ਅਨਿੱਖੜਵਾਂ ਅੰਗ ਹਨ। ਜਥੇ. ਬਲਵਿੰਦਰ ਸਿੰਘ ਹੋਰੀਂ ਪੰਜ ਭਰਾ ਹਨ। ਕਵੀਸ਼ਰ ਜੋਗਾ ਸਿੰਘ ਵੀ ਆਪ ਦੇ ਭਰਾ ਹਨ ਜੋ ਕਵੀਸ਼ਰੀ ਰਾਹੀਂ ਸਤਿਗੁਰੂ ਰਾਮ ਸਿੰਘ ਦੇ ਮਿਸ਼ਨ ਦਾ ਪ੍ਰਚਾਰ ਕਰ ਰਹੇ ਹਨ। ਜਥੇਦਾਰ ਬਲਵਿੰਦਰ ਸਿੰਘ ਹੱਲੇ ਦੇ ਦੀਵਾਨ ਬਹੁਤ ਪ੍ਰਭਾਵਸ਼ਾਲੀ ਢੰਗ ਨਾਲ ਲਾਉਂਦੇ ਸਨ। 10 ਦਸੰਬਰ 2021 ਨੂੰ ਜਥੇਦਾਰ ਜੀ ਦੇ ਨਮਿੱਤ ਰੱਖੇ ਸਧਾਰਨ ਪਾਠ ਦਾ ਭੋਗ ਸ੍ਰੀ ਭੈਣੀ ਸਾਹਿਬ, ਪ੍ਰਤਾਪ ਮੰਦਰ ਵਿੱਚ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਪਿਆ। ਕਵੀਸ਼ਰ ਜੋਗਾ ਸਿੰਘ ਅਤੇ ਜਥੇਦਾਰ ਕਮਾਲ ਸਿੰਘ ਨੇ ਜਥੇਦਾਰ ਜੀ ਦੇ ਜੀਵਨ ਬਾਰੇ ਸੰਗਤ ਨੂੰ ਜਾਣੂ ਕਰਵਾਇਆ।

**ਗੁਰਦੇਵ ਸਿੰਘ ਚੀਮਾ**

.............................................

# ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦਾ ਜ਼ਿਲ੍ਹਾ ਸੰਗਰੂਰ ਦਾ ਇੱਕ ਦਿਨਾ ਦੌਰਾ

ਮਾਲਵੇ ਇਲਾਕੇ ਦੇ ਜ਼ਿਲ੍ਹੇ ਸੰਗਰੂਰ ਦੇ ਇਲਾਕੇ ਵਿਚ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਇਲਾਕਾ ਨਿਵਾਸੀ ਸਾਧ ਸੰਗਤ ਦੀ ਅੱਜ ਪ੍ਰਵਾਨ ਕਰਦੇ ਹੋਏ 5 ਦਸੰਬਰ 2021 ਨੂੰ ਦੌਰੇ ਦਾ ਪ੍ਰੋਗਰਾਮ ਉਲੀਕਿਆ ਗਿਆ। ਜ਼ਿਲ੍ਹੇ ਸੰਗਰੂਰ ਦੇ ਲਹਿਰਾਗਾਗਾ



ਬਲਾਕ ਵਿੱਚ ਪੈਂਦੇ ਪਿੰਡ ਨਵਾਂਗਾਉਂ ਵਿਖੇ ਸ. ਵਰਿਆਮ ਸਿੰਘ ਦੇ ਨਮਿਤ ਹੋ ਰਹੇ ਮੇਲੇ ਵਿੱਚ ਸ੍ਰੀ ਸਤਿਗੁਰੂ ਜੀ ਦਾ ਪ੍ਰੋਗਰਾਮ ਸੀ। ਦਿੱਤੇ ਹੋਏ ਸਮੇਂ ਦੇ ਮੁਤਾਬਕ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਆਪਣੇ ਸਿੱਖਾਂ ਸੇਵਕਾਂ ਸਹਿਤ ਸਵੇਰੇ 9:20 ਤੇ ਸ੍ਰੀ ਭੈਣੀ ਸਾਹਿਬ ਤੋਂ ਰਵਾਨਾ ਹੋ ਕੇ ਵਾਇਆ ਧੂਰੀ, ਮਲੇਰਕੋਟਲਾ ਹੁੰਦੇ ਹੋਏ ਤਕਰੀਬਨ 11:15 ਮਿੰਟ ਪਾਤੜਾਂ ਸ਼ਹਿਰ ਦੇ ਨਜ਼ਦੀਕ ਪਿੰਡ ਹਰਿਆਊ ਖੁਰਦ ਵਿਖੇ ਸ. ਗੁਰਨਾਮ ਸਿੰਘ ਪੁੱਤਰ ਸ. ਬਲਕਾਰ ਸਿੰਘ ਦੇ ਗ੍ਰਹਿ ਵਿਖੇ ਦਰਸ਼ਨ ਦਿੱਤੇ। ਇਸ ਸਮੇਂ ਇਲਾਕੇ ਦੇ ਉਗਰਾਹੀ ਦੇ ਸ. ਮੁਖਤਿਆਰ ਸਿੰਘ ਅਤੇ ਸੰਤ ਗੁਰਦਿਆਲ ਸਿੰਘ ਰਾਏਸਰ ਵੀ ਨਾਲ ਹਾਜ਼ਰ ਸਨ। ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਗੁਰਗੱਦੀ ਤੇ ਸੁਭਾਇਮਾਨ ਹੋਣ ਤੋਂ ਬਾਅਦ ਇਸ ਇਲਾਕੇ ਵਿਚ ਪਹਿਲੀ ਵਾਰ ਦਰਸ਼ਨ ਦੇਣ ਦੀ ਕਿਰਪਾ ਕੀਤੀ। ਇੱਥੋਂ ਹੀ ਨਜ਼ਦੀਕ ਪਿੰਡ ਖਾਨੇਵਾਲ ਵਿਖੇ ਸ. ਮੁਖਤਿਆਰ ਸਿੰਘ ਪੁੱਤਰ ਸ. ਤਾਰ ਸਿੰਘ, ਰਣਜੀਤ ਸਿੰਘ ਪੁੱਤਰ ਅਨੂਪ ਸਿੰਘ, ਮਲਕੀਤ ਸਿੰਘ ਪੁੱਤਰ ਰਛਪਾਲ ਸਿੰਘ, ਗੁਰਚਰਨ ਸਿੰਘ ਪੁੱਤਰ ਦਰਬਾਰਾ ਸਿੰਘ, ਜਗੀਰ ਸਿੰਘ ਪੁੱਤਰ ਹਰਨਾਮ ਸਿੰਘ ਦੇ ਘਰ ਵਿੱਚ ਚਰਨ ਪਾਉਣ ਦੀ ਕਿਰਪਾ ਕੀਤੀ ਅਤੇ ਪਰਿਵਾਰਾਂ ਨੂੰ ਨਿਵਾਜ਼ਿਆ। ਸ. ਰਣਜੀਤ ਸਿੰਘ ਦੇ ਪੁੱਤਰ ਨੂੰ ਦਸਤਾਰ ਸਜਾਉਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਪਿੰਡ ਖਾਨੇਵਾਲ ਤੋਂ ਬਾਅਦ ਪਿੰਡ ਹੋਤੀਪੁਰ ਵਿਖੇ ਦਲਜੀਤ ਸਿੰਘ ਪੁੱਤਰ ਦਿਆਲ ਸਿੰਘ, ਗੁਰਮੇਲ ਸਿੰਘ ਪੁੱਤਰ ਦਇਆ ਸਿੰਘ, ਸੂਰਤ ਸਿੰਘ ਪੁੱਤਰ ਅਨੂਪ ਸਿੰਘ, ਸੁਹੇਲ ਸਿੰਘ ਪੁੱਤਰ ਗੁਰਚਰਨ ਸਿੰਘ, ਰਛਪਾਲ ਸਿੰਘ ਪੁੱਤਰ ਮਹਿੰਦਰ ਸਿੰਘ, ਦਲਬੀਰ ਸਿੰਘ ਪੁੱਤਰ ਸੋਹਣ ਸਿੰਘ, ਮਨਧੀਰ ਸਿੰਘ ਪੁੱਤਰ ਮੋਹਨ ਸਿੰਘ, ਗੁਰਦੇਵ ਸਿੰਘ ਪੁੱਤਰ ਮੋਹਨ ਸਿੰਘ ਦੇ ਪਰਿਵਾਰਾਂ ਨੂੰ ਦਰਸ਼ਨ ਦੇਣ ਦੀ ਕਿਰਪਾ ਕੀਤੀ ਅਤੇ ਘਰਾਂ ਵਿੱਚ ਚਰਨ ਪਾ ਕੇ ਸਤਿਗੁਰੂ ਜੀ ਨੇ ਆਪਣੇ ਸਿੱਖਾਂ ਨੂੰ ਨਿਵਾਜ਼ਿਆ। ਇੱਥੇ ਹੀ ਪਿੰਡ ਨਵਾਂਗਾਉਂ ਘੱਗਰ ਦਰਿਆ ਦੇ ਕੰਢੇ ਤੇ ਵਸੇ ਪਰਿਵਾਰ ਸ. ਵਰਿਆਮ ਸਿੰਘ ਜੋ ਕਿ ਪਿਛਲੇ ਦਿਨ ਚੜ੍ਹਾਈ ਕਰ ਗਏ ਸਨ। ਪਰਿਵਾਰ ਦੀ ਅਰਜ਼ ਬੇਨਤੀ ਪ੍ਰਵਾਨ ਕਰਦੇ ਹੋਏ ਸ੍ਰੀ



ਸਤਿਗੁਰੂ ਜੀ ਨੇ ਸ. ਵਰਿਆਮ ਸਿੰਘ ਦੇ ਨਮਿੱਤ ਭੋਗ ਸਮਾਗਮ ਤੇ ਦਰਸ਼ਨ ਦੇਣ ਦੀ ਕਿਰਪਾ ਕੀਤੀ। ਜਥੇ. ਕਮਾਲ ਸਿੰਘ ਸ੍ਰੀ ਭੈਣੀ ਸਾਹਿਬ ਨੇ ਦੀਵਾਨ ਸਜਾਇਆ। ਇਥੇ ਹੀ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਪੰਜਾਬ ਦੀ ਸਾਬਕਾ ਮੁੱਖ ਮੰਤਰੀ ਬੀਬੀ ਰਾਜਿੰਦਰ ਕੌਰ ਭੱਠਲ ਵੀ ਪਹੁੰਚੇ ਹੋਏ ਸਨ ਪੰਡਾਲ ਵਿਚ ਦਰਸ਼ਨ ਦੇਣ ਸਮੇਂ ਬੀਬੀ ਰਾਜਿੰਦਰ ਕੌਰ ਭੱਠਲ ਨੇ ਆਦਰ ਅਤੇ ਸਤਿਕਾਰ ਸਹਿਤ ਆਣ ਕੇ ਸਤਿਗੁਰੂ ਜੀ ਨੂੰ ਨਮਸਕਾਰ ਕੀਤਾ। ਦੀਵਾਨ ਸਮਾਪਤੀ ਤੋਂ ਬਾਅਦ ਸਰਦਾਰ ਗੁਰਨਾਮ ਸਿੰਘ ਔਲਖ ਅਤੇ ਬੀਬੀ ਰਾਜਿੰਦਰ ਕੌਰ ਭੱਠਲ ਨੇ ਸ. ਵਰਿਆਮ ਸਿੰਘ ਨਮਿਤ ਸ਼ਰਧਾਂਜਲੀ ਸ਼ਬਦਾਂ ਨਾਲ ਭਾਸ਼ਣ ਆਰੰਭ ਕੀਤਾ ਅੰਤ ਆਪਣੇ ਸੰਬੋਧਨ ਵਿੱਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਦਾ ਨਾਮ ਬੜੇ ਹੀ ਅਦਬ ਅਤੇ ਸਤਿਕਾਰ ਨਾਲ ਲਿਆ ਅਤੇ ਆਖਿਆ ਕਿ ਮੈਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਸ਼ੀਰਵਾਦ ਦੇ ਰੂਪ ਵਿੱਚ ਪਿਆਰ ਦਿੱਤਾ ਹੈ। ਬੀਬੀ ਭੱਠਲ ਨੇ ਨਾਮਧਾਰੀ ਸ਼ਹੀਦਾਂ ਅਤੇ ਨਾਮਧਾਰੀ ਇਤਿਹਾਸ ਦਾ ਜ਼ਿਕਰ ਵੀ ਕੀਤਾ। ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਉਚਾਰਨ ਕੀਤੇ ਹੋਏ ਸਲੋਕ ਪੜ੍ਹ ਕੇ ਸ. ਵਰਿਆਮ ਸਿੰਘ ਨਮਿੱਤ ਭੋਗ ਪਾਇਆ ਗਿਆ ਅਤੇ ਅਰਦਾਸ ਕੀਤੀ ਗਈ। ਭੋਗ ਸਮਾਪਤ ਤੋਂ ਬਾਅਦ ਸ. ਵਰਿਆਮ ਸਿੰਘ ਦੇ ਸਪੁੱਤਰ ਸ. ਜੋਗਾ ਸਿੰਘ ਅਤੇ ਸੁਬੇਗ ਸਿੰਘ ਦੇ ਘਰ ਚਰਨ ਪਾਉਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਨਵਾਂਗਾਉਂ ਪਿੰਡ ਵਿੱਚ ਹੀ ਸ. ਨਿਸ਼ਾਨ ਸਿੰਘ ਪੁੱਤਰ ਸੂਬਾ ਕਰਤਾਰ ਸਿੰਘ, ਗੁਰਬਚਨ ਸਿੰਘ, ਸੰਪੂਰਨ ਸਿੰਘ, ਗੁਰਦੇਵ ਸਿੰਘ, ਜੋਗਿੰਦਰ ਸਿੰਘ ਪੁੱਤਰ ਸੂਬਾ ਕਰਤਾਰ ਸਿੰਘ ਜੁਝਾਰ ਸਿੰਘ ਪੁੱਤਰ ਸੁਖਦੇਵ ਸਿੰਘ ਨਛੱਤਰ ਸਿੰਘ ਪੁੱਤਰ ਅਵਤਾਰ ਸਿੰਘ ਦੇ ਘਰਾਂ ਵਿੱਚ ਚਰਨ ਪਾ ਕੇ ਸ੍ਰੀ ਸਤਿਗੁਰੂ ਜੀ ਨੇ ਆਪਣੇ ਸਿੱਖਾਂ ਨੂੰ ਮਾਣ ਬਖ਼ਸ਼ਿਆ ਇੱਥੋਂ ਹੀ ਵਾਪਸੀ ਸਮੇਂ ਰਸਤੇ ਵਿਚ ਪਾਤੜਾਂ ਸ਼ਹਿਰ ਵਿਖੇ ਚਮਕੌਰ ਸਿੰਘ ਪੁੱਤਰ ਭਰਪੂਰ ਸਿੰਘ, ਕਸ਼ਮੀਰ ਸਿੰਘ ਪੁੱਤਰ ਹਰਨਾਮ ਸਿੰਘ ਅਤੇ ਹਰਦੀਪ ਸਿੰਘ ਪੁੱਤਰ ਸੰਪੂਰਨ ਸਿੰਘ ਦੇ ਘਰਾਂ ਵਿਚ ਚਰਨ ਪਾਉਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ ਹੈ। ਇੱਥੋਂ ਹੀ ਸ੍ਰੀ ਸਤਿਗੁਰੂ ਜੀ ਦੀਆਂ ਗੱਡੀਆਂ ਵਾਪਸ ਸ੍ਰੀ ਭੈਣੀ ਸਾਹਿਬ ਲਈ ਚੱਲੀਆਂ ਤਾਂ ਰਸਤੇ ਵਿਚ ਪੈਂਦੇ ਧੂਰੀ ਸ਼ਹਿਰ ਵਿਖੇ ਸਰਦਾਰ ਬਲਵਿੰਦਰ ਸਿੰਘ ਦੇ ਸਪੁੱਤਰ ਸਰਦਾਰ ਬਲਵੰਤ ਸਿੰਘ ਅਤੇ ਬਸੰਤ ਸਿੰਘ ਦੇ ਅਰਜ਼ ਕਰਨ ਤੇ ਸ੍ਰੀ ਸਤਿਗੁਰੂ ਜੀ ਨੇ ਉਨ੍ਹਾਂ ਦੇ ਘਰ ਦਰਸ਼ਨ ਦਿੱਤੇ ਅਤੇ ਪਰਿਵਾਰ ਨੂੰ ਖੁਸ਼ੀਆਂ ਬਖ਼ਸ਼ੀਆਂ ਸ਼ਾਮ ਦੇ ਨਾਮ ਸਿਮਰਨ ਵਿੱਚ ਸ੍ਰੀ ਭੈਣੀ ਸਾਹਿਬ ਸ੍ਰੀ ਸਤਿਗੁਰੂ ਜੀ ਨੇ ਦਰਸ਼ਨ ਦਿੱਤੇ। ਇਸੇ ਤਰ੍ਹਾਂ ਜ਼ਿਲ੍ਹੇ ਸੰਗਰੂਰ ਦਾ ਇੱਕ ਦਿਨ ਦੇ ਦੌਰੇ ਦੀ ਸਮਾਪਤੀ ਹੋਈ।

**ਸੂਬਾ ਬਲਵਿੰਦਰ ਸਿੰਘ ਝੱਲ**

..............................................................................

## ਹਸਪਤਾਲ ਦੀ ਨਵੀਂ ਬਣੀ ਇਮਾਰਤ ਦਾ ਉਦਘਾਟਨ

28 ਨਵੰਬਰ 2021 ਅੱਜ ਸਤਿਗੁਰੂ ਪ੍ਰਤਾਪ ਸਿੰਘ ਹਸਪਤਾਲ ਦੀ ਨਵੀਂ ਈਮਾਰਤ ਦਾ ਉਦਘਾਟਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਆਪਣੇ ਕਰ ਕਮਲਾ ਨਾਲ ਕੀਤਾ। ਇਹ ਨਵੀਂ ਬਣੀ ਇਮਾਰਤ ਵੀਜਾ ਮੈਡੀਕਲ ਵਿੰਗ ਦੀ ਹੈ। ਇਸ ਬਣੀ ਇਮਾਰਤ ਵਿੱਚ ਵੀਜਾ ਮੈਡੀਕਲ ਦੇ ਸਾਰੇ ਟੈਸਟ ਕੀਤੇ ਜਾਣਗੇ। ਇਹ ਅੱਤ ਆਧੁਨਿਕ ਤਕਨੀਕ ਨਾਲ ਬਣਾਈ ਗਈ ਹੈ। ਵੀਜਾ ਮੈਡੀਕਲ ਕਰਵਾਉਣ ਵਾਲੇ ਕੈਂਡੀਡੇਟਾਂ ਦੇ ਬੈਠਣ ਲਈ ਬਹੁਤ ਪੁਖਤਾ ਪ੍ਰਬੰਧ ਕੀਤੇ ਹਨ। ਇਸ ਇਮਾਰਤ ਦੇ ਸ਼ੁਰੂ ਹੋਣ ਨਾਲ O.P.D ਕੋਲ ਭੀੜ ਘੱਟ ਜਾਵੇਗੀ। ਇਸ ਮੌਕੇ ਤੇ ਸੂਬਾ ਬਲਵਿੰਦਰ ਸਿੰਘ ਝੱਲ ਹੁਰਾਂ ਨੇ ਅਰਦਾਸ ਕੀਤੀ। M.D. ਜੈ ਸਿੰਘ ਜੀ ਵੀ ਮੌਜੂਦ ਸਨ।

**ਗੁਰਦੇਵ ਸਿੰਘ ਚੀਮਾ**

## ਵਿਸ਼ੇਸ਼ ਸੂਚਨਾ

**ਲੇਖਕਾਂ ਅਤੇ ਕਵੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਅਗਲੇ ਸਾਲ ਦਾ ਵਿਸ਼ੇਸ਼ ਅੰਸ਼ 150 ਸਾਲਾ ਨਾਮਧਾਰੀ ਸ਼ਹੀਦਾਂ ਦੀ ਯਾਦ ਵਿੱਚ ਕੱਢਿਆ ਜਾ ਰਿਹਾ ਹੈ। ਇਸ ਨਾਲ ਸੰਬੰਧਿਤ ਸਮਗਰੀ ਜਨਵਰੀ ਅੰਤ ਤੱਕ ਸਤਿਜੁਗ Mail 'ਤੇ ਭੇਜ ਦਿਓ ਜੀ।**

**Email- Satjug@sribhainisahib.com**

**What's no - 99147-02201**

## ਮਹਾਨ ਨਾਮਧਾਰੀ ਸ਼ਹੀਦੀ ਸਮਾਗਮ, ਲੁਧਿਆਣਾ ਵਿਖੇ ਸ੍ਰੀ ਸਤਿਗੁਰੂ ਜੀ ਕਿਰਪਾ ਕਰਦੇ ਹੋਏ

ਮਿਤੀ: 28 ਨਵੰਬਰ 2021









## ਸਤਿਗੁਰੂ ਪ੍ਰਤਾਪ ਸਿੰਘ ਹਸਪਤਾਲ ਦੀ ਨਵੀਂ ਇਮਾਰਤ ਦਾ ਉਦਘਾਟਨ ਸ੍ਰੀ ਸਤਿਗੁਰੂ ਸਿੰਘ ਜੀ ਦੁਆਰਾ ਕੀਤਾ

ਮਿਤੀ: 28 ਨਵੰਬਰ 2021









Date of Publication: 21 December 2021
Date of Posting: 23 December 2021

RNI NO.55658/93
LDM/008/2021-2023

# ਜੋ ਤੁਰਦੇ ਹਨ

ਤੁਰਦਾ ਤੁਰਦਾ ਜਦੋਂ
ਮੈਂ ਖੜ੍ਹ ਜਾਵਾਂ

ਮੇਰੇ ਪੈਰ ਉਨ੍ਹਾਂ ਨੂੰ
ਦੇ ਦੇਣੇ ਜੋ
ਤੁਰਦੇ ਹਨ

ਅੱਖਾਂ ਉਨ੍ਹਾਂ ਨੂੰ
ਜੋ ਵੇਖਦੇ ਹਨ

ਤੇ ਦਿਲ ਉਨ੍ਹਾਂ ਨੂੰ ਜੋ
ਪਿਆਰ ਕਰਦੇ ਹਨ

- ਨਵਤੇਜ ਭਾਰਤੀ

– 1920 ਈ. ਤੋਂ ਸਥਾਪਤ 'ਸਤਿਜੁਗ' ਪਰਚਾ ਵੱਖ-ਵੱਖ ਸਥਾਨਾਂ (ਲਾਹੌਰ, ਸ੍ਰੀ ਭੈਣੀ ਸਾਹਿਬ, ਜੀਵਨ ਨਗਰ, ਦਿੱਲੀ) ਤੋਂ ਛਪਦਾ ਰਿਹਾ ਹੈ। ਜਿਸ ਕਰਕੇ ਜਿਲਦ ਨੰ. ਬਦਲਦੇ ਰਹੇ ਹਨ। ਹੁਣ ਜਦ 'ਸਤਿਜੁਗ' 100 ਸਾਲ ਦਾ ਸਫ਼ਰ ਤੈਅ ਕਰ ਚੁੱਕਾ ਹੈ ਤਾਂ ਅਸੀਂ ਚੱਲ ਰਹੀ ਜਿਲਦ ਨੰ. 29 ਬਦਲਕੇ 101 ਕਰ ਰਹੇ ਹਾਂ, ਜੋ ਕਿ ਤਰਤੀਬ ਅਨੁਸਾਰ ਠੀਕ ਹੈ ਤੇ ਅੱਗੇ ਤੋਂ ਇਹ ਲੜੀ ਬਰਕਰਾਰ ਰਹੇਗੀ।

Printed and Published by Mr. Harvendra Singh Hanspal on behalf of Namdhari Darbar.
Printed at Summit advertising press, 2DLF (Part), Moti Nagar, New Delhi
and Published from Namdhari Gurdwara, ramesh Nagar, New delhi- 110015.